ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 5 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੨੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਬੰਗਲਾਦੇਸ਼ ’ਚ ਲਗਾਇਆ ਗਿਆ ਕਰਫਿਊ

# ਬੰਗਲਾਦੇਸ਼ ’ਚ ਫਿਰ ਭੜਕੀ ਹਿੰਸਾ, ਹੁਣ ਤੱਕ 32 ਮੌਤਾਂ

**ਢਾਕਾ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਗੁਆਂਢੀ ਦੇਸ਼ ਬੰਗਲਾਦੇਸ਼ ਤੋਂ ਇੱਕ ਵਾਰ ਫਿਰ ਹਿੰਸਾ ਦੀ ਖ਼ਬਰ ਸਾਹਮਣੇ ਆਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਬੰਗਲਾਦੇਸ਼ ’ਚ ਐਤਵਾਰ ਨੂੰ ਭੜਕੀ ਹਿੰਸਾ ’ਚ 32 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਸੈਂਕੜੇ ਲੋਕ ਜ਼ਖਮੀ ਹੋ ਗਏ। ਇੱਥੇ ਵਿਦਿਆਰਥੀ ਪ੍ਰਦਰਸ਼ਨਕਾਰੀਆਂ, ਪੁਲਸ ਅਤੇ ਸੱਤਾਧਾਰੀ ਪਾਰਟੀ ਦੇ ਵਰਕਰਾਂ ਵਿਚਕਾਰ ਝੜਪ ਹੋ ਗਈ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਸਟਨ ਗ੍ਰੇਨੇਡ ਦੀ ਵਰਤੋਂ ਕੀਤੀ। ਸਰਕਾਰ ਨੇ ਐਤਵਾਰ ਸ਼ਾਮ 6 ਵਜੇ ਤੋਂ ਅਣਮਿੱਥੇ ਸਮੇਂ ਲਈ ਦੇਸ਼ ਵਿਆਪੀ ਕਰਫਿਊ ਦਾ ਐਲਾਨ ਕੀਤਾ। ਨਾਲ ਹੀ ਮੋਬਾਇਲ ਅਤੇ ਇੰਟਰਨੈੱਟ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਪਿਛਲੇ ਮਹੀਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਬੰਗਲਾਦੇਸ਼ ਵਿੱਚ ਵਿਦਿਆਰਥੀ ਸਰਕਾਰੀ ਨੌਕਰੀਆਂ ਲਈ ਕੋਟਾ ਪ੍ਰਣਾਲੀ ਨੂੰ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਇਸ ਵਿਦਿਆਰਥੀ ਅੰਦੋਲਨ ਵਿੱਚ ਪਹਿਲਾਂ ਹੀ ਹਿੰਸਾ ਭੜਕ ਚੁੱਕੀ ਹੈ ਅਤੇ ਹੁਣ ਤੱਕ ਦੇਸ਼ ਭਰ ਵਿੱਚ ਘੱਟੋ-ਘੱਟ 200 ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਾਜਧਾਨੀ ਢਾਕਾ ਵਿਰੋਧ ਪ੍ਰਦਰਸ਼ਨਾਂ ਦਾ ਕੇਂਦਰ ਰਿਹਾ ਹੈ। ਏ.ਐਫ.ਪੀ ਦੀ ਰਿਪੋਰਟ ਮੁਤਾਬਕ ਐਤਵਾਰ ਨੂੰ ਪ੍ਰਦਰਸ਼ਨਕਾਰੀਆਂ ਦੀ ਭੀੜ ਲਾਠੀਆਂ ਆਦਿ ਲੈ ਕੇ ਪਹੁੰਚੀ ਸੀ। ਜਦੋਂ ਇਹ ਭੀੜ ਢਾਕਾ ਦੇ ਮੱਧ ਵਿਚ ਸ਼ਾਹਬਾਗ ਚੌਰਾਹੇ ’ਤੇ ਇਕੱਠੀ ਹੋਈ ਤਾਂ ਪੁਲਸ ਅਤੇ ਅੰਦੋਲਨਕਾਰੀਆਂ ਵਿਚਾਲੇ ਜ਼ਬਰਦਸਤ ਝੜਪ ਹੋ ਗਈ। ਇਸ ਤੋਂ ਇਲਾਵਾ ਕਈ ਥਾਵਾਂ ਅਤੇ ਵੱਡੇ ਸ਼ਹਿਰਾਂ ਵਿਚ ਸੜਕਾਂ ’ਤੇ ਪ੍ਰਦਰਸ਼ਨਕਾਰੀ ਅਤੇ ਪੁਲਸ ਮੁਲਾਜ਼ਮ ਆਹਮੋ-ਸਾਹਮਣੇ ਹੋਏ। ਪ੍ਰਦਰਸ਼ਨਕਾਰੀਆਂ ਨੇ ਮੁੱਖ ਮਾਰਗ ਜਾਮ ਕਰ ਦਿੱਤੇ। ਪ੍ਰਦਰਸ਼ਨਕਾਰੀਆਂ ਵਿੱਚ ਵਿਦਿਆਰਥੀ ਅਤੇ ਮੁੱਖ ਵਿਰੋਧੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਸਮਰਥਨ ਵਾਲੇ ਕੁਝ ਸਮੂਹ ਸ਼ਾਮਲ ਹਨ। ਪ੍ਰਦਰਸ਼ਨਕਾਰੀਆਂ ਨੇ ਟੈਕਸ ਅਤੇ ਬਿੱਲ ਨਾ ਭਰਨ ਦੀ ਅਪੀਲ ਕੀਤੀ ਹੈ ਅਤੇ ਐਤਵਾਰ ਨੂੰ ਕੰਮ ’ਤੇ ਨਾ ਜਾਣ ਦੀ ਵੀ ਅਪੀਲ ਕੀਤੀ ਹੈ। ਪ੍ਰਦਰਸ਼ਨਕਾਰੀਆਂ ਨੇ ਐਤਵਾਰ ਨੂੰ



ਢਾਕਾ ਦੇ ਸ਼ਾਹਬਾਗ ਖੇਤਰ ਵਿੱਚ ਇੱਕ ਹਸਪਤਾਲ, ਬੰਗਬੰਧੂ ਸ਼ੇਖ ਮੁਜੀਬ ਮੈਡੀਕਲ ਯੂਨੀਵਰਸਿਟੀ ਸਮੇਤ ਖੁੱਲ੍ਹੇ ਦਫਤਰਾਂ ਅਤੇ ਅਦਾਰਿਆਂ ’ਤੇ ਵੀ ਹਮਲਾ ਕੀਤਾ। ਚਸ਼ਮਦੀਦਾਂ ਨੇ ਦੱਸਿਆ ਕਿ ਢਾਕਾ ਦੇ ਉੱਤਰਾ ਇਲਾਕੇ ਵਿੱਚ ਕੁਝ ਕੱਚੇ ਬੰਬ ਧਮਾਕੇ ਹੋਏ ਅਤੇ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਨਿਊਜ਼ ਏਜੰਸੀ ਏਪੀ ਮੁਤਾਬਕ ਉਨ੍ਹਾਂ ਨੇ ਕਈ ਵਾਹਨਾਂ ਨੂੰ ਵੀ ਅੱਗ ਲਗਾ ਦਿੱਤੀ। ਮੀਡੀਆ ਨਾਲ ਗੱਲ ਕਰਦੇ ਹੋਏ ਢਾਕਾ ਦੇ ਮੁਨਸ਼ੀਗੰਜ ਜ਼ਿਲ੍ਹੇ ਦੇ ਇੱਕ ਪੁਲਿਸ ਕਰਮਚਾਰੀ ਨੇ ਕਿਹਾ ਕਿ “ਪੂਰਾ ਸ਼ਹਿਰ ਜੰਗ ਦੇ ਮੈਦਾਨ ਵਿੱਚ ਬਦਲ ਗਿਆ ਹੈ÷। ਪ੍ਰਦਰਸ਼ਨਕਾਰੀ ਨੇਤਾਵਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਆਪ ਨੂੰ ਬਾਂਸ ਦੀਆਂ ਸੋਟੀਆਂ ਨਾਲ ਹਥਿਆਰਬੰਦ ਕਰਨ ਦਾ ਸੱਦਾ ਦਿੱਤਾ ਸੀ, ਕਿਉਂਕਿ ਜੁਲਾਈ ਵਿੱਚ ਪ੍ਰਦਰਸ਼ਨਾਂ ਦੇ ਪਿਛਲੇ ਦੌਰ ਨੂੰ ਪੁਲਸ ਦੁਆਰਾ ਵੱਡੇ ਪੱਧਰ ’ਤੇ ਕੁਚਲ ਦਿੱਤਾ ਗਿਆ ਸੀ।

ਬੰਗਲਾਦੇਸ਼ ਮੀਡੀਆ ਅਨੁਸਾਰ, ਮੌਤਾਂ ਬੋਗੁਰਾ, ਮਗੁਰਾ, ਰੰਗਪੁਰ ਅਤੇ ਸਿਰਾਜਗੰਜ ਸਮੇਤ 11 ਜ਼ਿਲ੍ਹਿਆਂ ਵਿੱਚ ਹੋਈਆਂ, ਜਿੱਥੇ ਅਵਾਮੀ ਲੀਗ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਮੈਂਬਰਾਂ ਵਿੱਚ ਸਿੱਧੀ ਟੱਕਰ ਹੋਈ। ਬੰਗਲਾਦੇਸ਼ ਦੇ 1971 ਦੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਸਰਕਾਰੀ ਨੌਕਰੀਆਂ ਵਿੱਚ 30 ਪ੍ਰਤੀਸ਼ਤ ਰਾਖਵੇਂਕਰਨ ਦੀ ਕੋਟਾ ਪ੍ਰਣਾਲੀ ਨੂੰ ਲੈ ਕੇ ਪਿਛਲੇ ਮਹੀਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ ਸਨ। ਜਿਵੇਂ ਹੀ ਵਿਰੋਧ ਪ੍ਰਦਰਸ਼ਨ ਤੇਜ਼ ਹੋਇਆ, ਸੁਪਰੀਮ ਕੋਰਟ ਨੇ ਕੋਟਾ ਘਟਾ ਕੇ 5 ਪ੍ਰਤੀਸ਼ਤ ਕਰ ਦਿੱਤਾ, ਜਿਸ ਵਿੱਚੋਂ 3 ਪ੍ਰਤੀਸ਼ਤ ਲੜਾਕਿਆਂ ਦੇ ਰਿਸ਼ਤੇਦਾਰਾਂ ਨੂੰ ਦਿੱਤਾ ਗਿਆ। ਹਾਲਾਂਕਿ, ਵਿਰੋਧ ਪ੍ਰਦਰਸ਼ਨ ਜਾਰੀ ਰਿਹਾ। ਹਾਲਾਂਕਿ ਪੀ.ਐਮ ਹਸੀਨਾ ਅਤੇ ਉਨ੍ਹਾਂ ਦੀ ਪਾਰਟੀ ਪ੍ਰਦਰਸ਼ਨਕਾਰੀਆਂ ਦੇ ਦਬਾਅ ਨੂੰ ਖਾਰਜ ਕਰਦੀ ਨਜ਼ਰ ਆ ਰਹੀ ਹੈ। ਸਰਕਾਰ ਨੇ ਹਿੰਸਾ ਭੜਕਾਉਣ ਲਈ ਵਿਰੋਧੀ ਪਾਰਟੀਆਂ ਅਤੇ ਹੁਣ ਪਾਬੰਦੀਸ਼ੁਦਾ ਸੱਜੇ-ਪੱਖੀ ਜਮਾਤ-ਏ-ਇਸਲਾਮੀ ਪਾਰਟੀ ਅਤੇ ਉਨ੍ਹਾਂ ਦੇ ਵਿਦਿਆਰਥੀ ਵਿੰਗਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰਾਸ਼ਟਰੀ ਸੁਰੱਖਿਆ ਬੈਠਕ ਤੋਂ ਬਾਅਦ ਹਸੀਨਾ ਨੇ ਦੋਸ਼ ਲਗਾਇਆ, “ਜੋ ਲੋਕ ਇਸ ਸਮੇਂ ਸੜਕਾਂ ’ਤੇ ਪ੍ਰਦਰਸ਼ਨ ਕਰ ਰਹੇ ਹਨ, ਉਹ ਵਿਦਿਆਰਥੀ ਨਹੀਂ ਹਨ, ਸਗੋਂ ਅੱਤਵਾਦੀ ਹਨ ਜੋ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦੇ ਹਨ।” ਉਨ੍ਹਾਂ ਦੇਸ਼ ਵਾਸੀਆਂ ਨੂੰ ਇਨ੍ਹਾਂ ਦਹਿਸ਼ਤਗਰਦਾਂ ਨੂੰ ਸਖ਼ਤੀ ਨਾਲ ਦਬਾਉਣ ਦੀ ਅਪੀਲ ਕੀਤੀ।




## ਐਸ. ਜੀ. ਪੀ. ਸੀ. ਦਫ਼ਤਰ ’ਚ ਹੋਏ ਕਤਲ ਦੇ ਮਾਮਲੇ ’ਚ ਪੁਲਸ ਨੇ ਲਿਆ ਵੱਡਾ ਐਕਸ਼ਨ

**ਅੰਮ੍ਰਿਤਸਰ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਮੁਲਾਜ਼ਮਾਂ ਵਿਚਾਲੇ ਝੜਪ ਹੋ ਗਈ। ਇਸ ਦੌਰਾਨ ਇਕ ਮੁਲਾਜ਼ਮ ਵਲੋਂ ਦੂਜੇ ਮੁਲਾਜ਼ਮ ’ਤੇ ਤਲਵਾਰ ਨਾਲ ਹਮਲਾ ਕਰ ਦਿੱਤਾ ਗਿਆ। ਜਾਣਕਾਰੀ ਮੁਤਾਬਕ ਐੱਸ. ਜੀ. ਪੀ. ਸੀ ਦੇ ਧਰਮ ਪ੍ਰਚਾਰ ਦੇ ਮੁਲਾਜ਼ਮ ਸੁਖਬੀਰ ਸਿੰਘ ਨੇ ਅਕਾਊਂਟ ਬ੍ਰਾਂਚ ਦੇ ਸੇਵਾਦਾਰ ਦਰਬਾਰਾ ਸਿੰਘ ’ਤੇ ਤਲਵਾਰ ਨਾਲ ਹਮਲਾ ਕਰ ਦਿੱਤਾ। ਜਿਸ ’ਚ ਉਸ ਦੀ ਮੌਤ ਹੋ ਗਈ। ਇਸ ਦੌਰਾਨ ਪੁਲਸ ਨੇ ਮੁਲਜ਼ਮ ਵੱਲੋਂ ਕੀਤੇ ਕਤਲ ਮਾਮਲੇ ’ਚ ਕਾਰਵਾਈ ਕਰਦਿਆਂ ਮੁਲਜ਼ਮ ਸੁਖਬੀਰ ਸਿੰਘ ਦੇ ਦੋਵਾਂ ਪੁੱਤਰਾਂ ’ਤੇ ਵੀ ਕੇਸ ਦਰਜ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਮੁਲਜ਼ਮ ਆਪਣੇ ਦੋਵਾਂ ਪੁੱਤਰਾਂ ਨੂੰ ਕਤਲ ਕਰਨ ਲੈ ਕੇ ਗਿਆ ਸੀ, ਜਿਸ ਤੋਂ ਬਾਅਦ ਪੁਲਸ ਪੁਲਸ ਨੇ ਸੁਖਬੀਰ ਸਿੰਘ ਦੇ ਨਾਲ-ਨਾਲ ਉਸ ਦੇ ਪੁੱਤਰਾਂ ਅਰਸ਼ ਅਤੇ ਸਾਜਨ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਫਿਲਹਾਲ ਤਿੰਨੋਂ ਫਰਾਰ ਹਨ ਅਤੇ ਪੁਲਸ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕਰ ਰਹੀ ਹੈ। ਦੱਸਿਆ ਜਾਂਦਾ ਹੈ ਕਿ ਸੁਖਬੀਰ ਸਿੰਘ ਤੇ ਦਰਬਾਰਾ ਸਿੰਘ ਦਾ ਕੋਈ ਪਰਿਵਾਰਕ ਆਪਸੀ ਝਗੜਾ ਹੋਇਆ ਸੀ ਜੋ ਵੱਧ ਕੇ ਜਾਨਲੇਵਾ ਹਮਲੇ ਤੱਕ ਪਹੁੰਚ ਗਿਆ।

## ਸੈਲਫੀ ਲੈਣਾ ਪਿਆ ਮਹਿੰਗਾ, 60 ਮੀਟਰ ਡੂੰਘੀ ਖੱਡ ’ਚ ਡਿੱਗੀ ਔਰਤ

**ਨਵੀਂ ਦਿੱਲੀ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੱਜਕਲ ਨੌਜਵਾਨਾਂ ’ਚ ਸੈਲਫੀ ਦਾ ਬੁਖਾਰ ਪ੍ਰਚਲਿਤ ਹੈ। ਸੈਲਫੀ ਲੈਂਦੇ ਸਮੇਂ ਕਈ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ, ਇਨ੍ਹਾਂ ਨਾਲ ਜੁੜੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ ’ਤੇ ਭਰੀਆਂ ਰਹਿੰਦੀਆਂ ਹਨ। ਤਾਜ਼ਾ ਮਾਮਲਾ ਮਹਾਰਾਸ਼ਟਰ ਦੇ ਬੋਰਾਨੇ ਘਾਟ ਤੋਂ ਸਾਹਮਣੇ ਆਇਆ ਹੈ, ਜਿੱਥੇ ਸੈਲਫੀ ਲੈਂਦੇ ਸਮੇਂ 29 ਸਾਲਾ ਲੜਕੀ ਡੂੰਘੀ ਖਾਈ ’ਚ ਡਿੱਗ ਗਈ। ਹੋਮ ਗਾਰਡ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਉਸ ਨੂੰ ਬਚਾਇਆ ਗਿਆ। ਘਟਨਾ ਦੇ ਸਮੇਂ ਤੇਜ਼ ਮੀਂਹ ਪੈ ਰਿਹਾ ਸੀ, ਜਿਸ ਕਾਰਨ ਠੋਠਘਰ ਸਮੇਤ ਕਈ ਝਰਨੇ ਉਫਾਨ ’ਤੇ ਹਨ।



**ਔਰਤ 60 ਫੁੱਟ ਡੂੰਘੀ ਖੱਡ ’ਚ ਡਿੱਗੀ :** ਸ਼ਨੀਵਾਰ ਨੂੰ ਪੁਣੇ ਤੋਂ ਇਕ ਜੋੜਾ ਬੋਰਾਨੇ ਘਾਟ ’ਤੇ ਥੋਨੇਘਰ ਫਾਲਸ ਦੇਖਣ ਆਇਆ ਸੀ। ਫਿਰ ਸੈਲਫੀ ਲੈਂਦੇ ਸਮੇਂ ਪੁਣੇ ਦੇ ਵਾਰਜੇ ਦੀ ਰਹਿਣ ਵਾਲੀ 29 ਸਾਲਾ ਨਸਰੀਨ ਆਮਿਰ ਕੁਰੈਸ਼ੀ ਤਿਲਕ ਕੇ 60 ਫੁੱਟ ਡੂੰਘੀ ਖੱਡ ’ਚ ਜਾ ਡਿੱਗੀ। ਨਸਰੀਨ ਨੂੰ ਖੱਡ ਵਿੱਚੋਂ ਬਾਹਰ ਕੱਢ ਲਿਆ ਗਿਆ ਅਤੇ ਤੁਰੰਤ ਇਲਾਜ ਲਈ ਸਤਾਰਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਕਾਫੀ ਨਾਜ਼ੁਕ ਬਣੀ ਹੋਈ ਹੈ।

**ਸੈਰ-ਸਪਾਟਾ ਸਥਾਨਾਂ ਅਤੇ ਝਰਨੇ ਬੰਦ ਕਰਨ ਦੇ ਹੁਕਮ :** ਇਹ ਘਟਨਾ ਸਤਾਰਾ ਜ਼ਿਲ੍ਹੇ ’ਚ ਭਾਰੀ ਮੀਂਹ ਤੋਂ ਬਾਅਦ ਹੋਈ। ਜ਼ਿਲ੍ਹਾ ਕੁਲੈਕਟਰ ਜਤਿੰਦਰ ਡੂਡੀ ਨੇ ਅਜਿਹੇ ਹਾਦਸਿਆਂ ਨੂੰ ਰੋਕਣ ਲਈ 2 ਤੋਂ 4 ਅਗਸਤ ਤੱਕ ਸੈਰ-ਸਪਾਟਾ ਸਥਾਨਾਂ ਅਤੇ ਝਰਨੇ ਬੰਦ ਰੱਖਣ ਦੇ ਹੁਕਮ ਦਿੱਤੇ ਹਨ। ਹਾਲਾਂਕਿ, ਇਹਨਾਂ ਕੁਦਰਤੀ ਸਥਾਨਾਂ ਦਾ ਆਕਰਸ਼ਣ ਸੈਲਾਨੀਆਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ, ਜਿਨ੍ਹਾਂ ਵਿੱਚੋਂ ਕੁਝ ਅਜਿਹਾ ਕਰਨ ਲਈ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾ ਰਹੇ ਹਨ।

**ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ :** ਇਸ ਘਟਨਾ ਦਾ ਇੱਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਿਹਾ ਹੈ। ਇਸ ’ਚ ਤੁਸੀਂ ਦੇਖ ਸਕਦੇ ਹੋ ਕਿ ਸੈਲਫੀ ਲੈਣ ਦੀ ਕੋਸ਼ਿਸ਼ ਕਰਦੇ ਹੋਏ ਨਸਰੀਨ ਖਾਈ ’ਚ ਡਿੱਗਦੀ ਨਜ਼ਰ ਆ ਰਹੀ ਹੈ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਜਿਹੀਆਂ ਗਤੀਵਿਧੀਆਂ ਦੇ ਖਤਰਿਆਂ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ। ਸੋਸ਼ਲ ਮੀਡੀਆ ’ਤੇ ਟ੍ਰੈਂਡ ਕਰਨ ਦੇ ਮਕਸਦ ਨਾਲ ਖਤਰਨਾਕ ਥਾਵਾਂ ’ਤੇ ਸੈਲਫੀ ਲੈਣ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਦੇ ਅਕਸਰ ਦੁਖਦਾਈ ਨਤੀਜੇ ਨਿਕਲਦੇ ਹਨ।

## ਭਾਰਤ ’ਚ ਨਹੀਂ ਰਹਿਣਾ ਚਾਹੁੰਦੇ ਲੋਕ ! ਲੱਖਾਂ ਲੋਕਾਂ ਨੇ ਛੱਡੀ ਨਾਗਰਿਕਤਾ, ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਨੂੰ ਹੋ ਰਿਹਾ ਪਰਵਾਸ

**ਨਵੀਂ ਦਿੱਲੀ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇਸ਼ ਨੂੰ ਛੱਡਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਸ ਦੀ ਜਾਣਕਾਰੀ ਖ਼ੁਦ ਵਿਦੇਸ਼ ਮੰਤਰਾਲੇ ਨੇ ਸਾਂਝੀ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਨਾਗਰਿਕਤਾ ਛੱਡਣ ਦੇ ਪਿਛੇ ਦੇ ਕਾਰਨ ਦੱਸੇ ਹਨ। ਦੱਸ ਦਈਏ ਕਿ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਪੰਜਾਬ ਦੇ ਸਾਂਸਦ ਮੈਂਬਰ ਰਾਘਵ ਚੱਢਾ ਵਲੋਂ ਰਾਜਸਭਾ ਵਿੱਚ ਪਿੱਛੇ ਗਏ ਸਵਾਲ ਦੇ ਜਵਾਬ ਵਿੱਤੀ ਹੈ। ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ 2019 ਵਿੱਚ 1,44,017 ਭਾਰਤੀਆਂ ਨੇ ਨਾਗਰਿਕਤਾ ਛੱਡੀ ਹੈ ਜਦੋਂਕਿ 2020 ਵਿੱਚ 85256, 2021 ਵਿੱਚ 1,63,370 ਤੇ 2022 ਵਿੱਚ 2,25,620 ਲੋਕਾਂ ਨੇ ਨਾਗਰਿਕਤਾ ਛੱਡੀ ਹੈ। ਪਿਛਲੇ ਸਾਲ ਦੀ ਗੱਲ ਕੀਤੀ ਜਾਵੇ ਤਾਂ 2 ਲੱਖ 16 ਹਜ਼ਾਰਾ ਲੋਕਾਂ ਨੇ ਭਾਰਤ ਦੇਸ਼ ਦੀ ਨਾਗਰਿਕਤਾ ਛੱਡੀ ਹੈ। ਜ਼ਿਆਦਾਤਰ ਭਾਰਤੀ ਆਪਣੀ ਨਾਗਰਿਕਤਾ ਤਿਆਗ ਕੇ ਅਮਰੀਕਾ ਜਾ ਰਹੇ ਹਨ। 2018 ਤੋਂ 2023 ਦੇ ਮੱਧ ਤੱਕ ਭਾਰਤ ਤੋਂ 3,28,619 ਭਾਰਤੀਆਂ ਨੇ ਅਮਰੀਕਾ ਦੀ ਨਾਗਰਿਕਤਾ ਲਈ। ਜਦਕਿ 1,61,917 ਨੇ ਕੈਨੇਡੀਅਨ ਅਤੇ 1,31,883 ਨੇ ਆਸਟ੍ਰੇਲੀਆ ਦੀ ਨਾਗਰਿਕਤਾ ਹਾਸਲ ਕੀਤੀ ਹੈ।




### ਕਿਹੜੀ ਵਜ੍ਹਾ ਕਰਕੇ ਨਾਗਰਿਕਤਾ ਛੱਡ ਰਹੇ ਨੇ ਲੋਕ ?

ਗਲੋਬਲ ਵਾਰਮਿੰਗ ਕਾਰਨ ਵਧਦੇ ਭਾਰਤੀ ਤਾਪਮਾਨ ਨੂੰ ਵੀ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਮਾਹਿਰਾਂ ਨੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ ਕਿ ਕੀ ਆਉਣ ਵਾਲੇ 10 ਸਾਲਾਂ ਵਿੱਚ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਵੱਡੇ ਸ਼ਹਿਰ ਰਹਿਣ ਯੋਗ ਰਹਿਣਗੇ ਜਾਂ ਨਹੀਂ। ਇਸ ਤੋਂ ਇਲਾਵਾ ਆਈਟੀ ਅਤੇ ਇੰਜਨੀਅਰਿੰਗ ਖੇਤਰ ਵਿੱਚ ਵਿਦੇਸ਼ਾਂ ਵਿੱਚ ਬਿਹਤਰ ਨੌਕਰੀਆਂ ਉਪਲਬਧ ਹਨ। ਇਨ੍ਹਾਂ ਵਿੱਚ ਲੋਕਾਂ ਨੂੰ ਚੰਗੀ ਤਨਖਾਹ ਵੀ ਮਿਲਦੀ ਹੈ। ਅਮਰੀਕਾ ਤੇ ਬ੍ਰਿਟੇਨ ਵਰਗੇ ਦੇਸ਼ਾਂ ਵਿੱਚ ਜੀਵਨ ਦੀ ਗੁਣਵੱਤਾ ਵੀ ਬਿਹਤਰ ਹੈ। ਕਾਰੋਬਾਰ ਲਈ ਚੰਗੀਆਂ ਸੰਭਾਵਨਾਵਾਂ ਹਨ। ਇਸ ਤੋਂ ਇਲਾਵਾ ਮਿਆਰੀ ਸਿਹਤ ਸੇਵਾਵਾਂ ਵੀ ਉਪਲਬਧ ਹਨ। ਭਾਰਤ ਤੋਂ ਬਾਹਰ ਜਾਣ ਵਾਲਿਆਂ ਲਈ ਸੁਰੱਖਿਆ ਅਤੇ ਸੁਰੱਖਿਆ ਵੀ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਟੈਕਸ ਲਾਭ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ।

## ਅਕਾਲੀ ਦਲ ਨੇ ਕੋਰ ਕਮੇਟੀ ਦਾ ਕੀਤਾ ਪੁਨਰਗਠਨ, ਪਹਿਲਾਂ ਬਗਾਵਤ ਕਾਰਨ ਭੰਗ ਕੀਤੀ ਸੀ ਕਮੇਟੀ





**ਚੰਡੀਗੜ੍ਹ/ਜਲੰਧਰ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੀਂ ਕੋਰ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਕਮੇਟੀ ’ਚ ਕੁੱਲ 23 ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਇਸ ਸਬੰਧੀ ਫ਼ੈਸਲਾ ਲਿਆ ਗਿਆ ਹੈ। ਇਸ ਬਾਰੇ ਟਵੀਟ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਦੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪਾਰਟੀ ਦੀ ਕੋਰ ਕਮੇਟੀ ਦਾ ਪੁਨਰਗਠਨ ਕਰ ਦਿੱਤਾ ਹੈ। ਇਸ ’ਚ 23 ਮੈਂਬਰ, ਜਦੋਂ ਕਿ 4 ਵਿਸ਼ੇਸ਼ ਸੱਦੇ ਗਏ ਮੈਂਬਰ ਰਹਿਣਗੇ। ਜਿਨ੍ਹਾਂ ਮੈਂਬਰਾਂ ਨੂੰ ਕੋਰ ਕਮੇਟੀ ’ਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ’ਚ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਿੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸੇਖੋਂ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆ, ਇਕਬਾਲ ਸਿੰਘ ਝੂੰਦਾ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ. ਕੇ., ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਸੁਖਵਿੰਦਰ ਸੁੱਖੀ, ਲਖਬੀਰ ਸਿੰਘ ਲੋਧੀਨੰਗਲ, ਐੱਨ.ਕੇ.ਸ਼ਰਮਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਸੋਹਨ ਸਿੰਘ ਠੰਡਲ ਅਤੇ ਬਲਦੇਵ ਸਿੰਘ ਖਹਿਰਾ ਸ਼ਾਮਲ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸੁਖਬੀਰ ਬਾਦਲ ਵਲੋਂ ਅਕਾਲੀ ਦਲ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਗਿਆ ਸੀ। ਦਰਅਸਲ ਅਕਾਲੀ ਦਲ ’ਚ ਬਗਾਵਤ ਦੇ ਮਾਹੌਲ ਦੇ ਮੱਦੇਨਜ਼ਰ ਸੁਖਬੀਰ ਬਾਦਲ ਵਲੋਂ ਇਹ ਫ਼ੈਸਲਾ ਲਿਆ ਗਿਆ ਸੀ। ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਸਿਕੰਦਰ ਸਿੰਘ ਮਲੂਕਾ ਪਹਿਲੀ ਕੋਰ ਕਮੇਟੀ ਦੇ ਮੈਂਬਰ ਸਨ, ਜਿਨ੍ਹਾਂ ਨੇ ਸੁਖਬੀਰ ਬਾਦਲ ਨੂੰ ਪ੍ਰਧਾਨ ਬਣਾਈ ਰੱਖਣ ਦਾ ਵਿਰੋਧ ਕੀਤਾ ਸੀ।

# Nankana Sahib Yatra Committe Uk



## pakistan gurdwara yatra

6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ਼੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਗੁਰਬਾਣੀ ਸ਼ਬਦ ਸਚੀ ਟਕਸਾਲ
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS
100% VEGETARIAN
PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write PUNJABI








# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਬੀਰ ਸਿੰਘ ਵਾਲਸਾਲ/Bhai Raghbir Singh walsall
+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com
E-mail : gnstuk@hotmail.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV


ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ
ਅਤੇ
ਦਮਦਮੀ ਟਕਸਾਲ ਦੇ 318ਵਾਂ ਸਥਾਪਨਾ ਦਿਵਸ
ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਅਮਰ ਸ਼ਹੀਦ
ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂਵਾਲੇ
ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ
1 ਅਗਸਤ 2024 ਦਿਨ ਵੀਰਵਾਰ ਤੋਂ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਤੱਕ
ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਵਿਖੇ ਕਰਵਾਏ ਜਾ ਰਹੇ ਹਨ।
ਜਿਸ ਵਿੱਚ ਦਮਦਮੀ ਟਕਸਾਲ ਦੇ ਗਿਆਨੀ ਸਿੰਘ ਅਤੇ ਰਾਗੀ ਜਥੇ ਕਥਾ ਕੀਰਤਨ ਸਰਵਣ ਕਰਵਾਉਣਗੇ।
ਸਵੇਰੇ ਕਥਾ ਦਾ ਸਮਾਂ : ਸਵੇਰੇ 6:15 ਵਜੇ ਤੋਂ 7:00 ਵਜੇ ਤੱਕ
ਸ਼ਾਮ ਨੂੰ ਕਥਾ ਦਾ ਸਮਾਂ : ਸ਼ਾਮ 5:30 ਵਜੇ ਤੋਂ 6:15 ਤੱਕ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਗਸਤ 2024 (21 ਸਾਵਣ) ਦਿਨ ਸੋਮਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਸਮਾਂ ਸਵੇਰੇ 9:30 ਵਜੇ
ਭੋਗ ਉਪਰੰਤ ਸਵੇਰੇ 10:00 ਵਜੇ ਤੋਂ 02:00 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਣਗੇ
ਜਿਸ ਵਿੱਚ ਤਖ਼ਤ ਸਾਹਿਬਾਂ ਦੇ ਸਿੰਘ ਸਾਹਿਬਾਨ, ਸੰਤ ਮਹਾਂ ਪੁਰਖ, ਨਿਹੰਗ ਸਿੰਘ ਜਥੇਬੰਦੀਆਂ ਅਤੇ ਕਾਰ ਸੇਵਾ ਵਾਲੇ
ਮਹਾਂ ਪੁਰਖ ਹਾਜ਼ਰੀਆਂ ਭਰਨਗੇ
ਸੋ ਆਪ ਜੀ ਨੂੰ ਬੇਨਤੀ ਹੈ ਆਪ ਜੀ ਨੇ ਸਮੇਂ ਸਿਰ ਆਉਣ ਦੀ ਕ੍ਰਿਪਾਲਤਾ ਕਰਨੀ ਜੀ।
ਵਰਤਮਾਨ ਮੁਖੀ ਦਮਦਮੀ ਟਕਸਾਲ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
(ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ)
ਭਾਈ ਈਸ਼ਰ ਸਿੰਘ
ਜਥੇਦਾਰ ਭਾਈ ਸੁਖਦੇਵ ਸਿੰਘ
98551-17300
6,7 ਅਗਸਤ ਨੂੰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਕਥਾ ਕਰਨਗੇ


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਵਿਸ਼ੇਸ਼ ਉਪਰਾਲਾ
ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ
ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ
ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜੀਫ਼ੇ
ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ।
ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।
ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ AWAZE QAUM
International Newspaper & WEB TV



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ AWAZE QAUM
International Newspaper & WEB TV


ਨਿਸ਼ਾਨ ਸਾਹਿਬ
NISHAN SAHIB
ਨਾਨਕ ਨਾਮ ਚੜ੍ਹਦੀ ਕਲਾ॥
ਤੇਰੇ ਭਾਣੇ ਸਰਬੱਤ ਦਾ ਭਲਾ॥
www.damdamitaksal.net
Nanak Naam Chardi Kala
Tere Bhane Sarbat Da Bhala
ਆਵਾਜ਼ਿ ਕੌਮ AWAZE QAUM
International Newspaper & WEB TV
www.damdamitaksal.net





## ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਥੀ ਜਗਤਾਰ ਸਿੰਘ ਖੁੰਡਾ ਦਾ ਸੇਵਾ ਨਿਵਰਤੀ ਮੌਕੇ ਕੀਤਾ ਗਿਆ ਸਨਮਾਨ

# ਸਾਥੀ ਵੱਲੋਂ ਹਰ ਸੰਘਰਸ਼ ਲਈ ਤਿਆਰ ਰਹਿਣ ਦਾ ਲਿਆ ਗਿਆ ਪ੍ਰਣ





**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 4 ਅਗਸਤ (ਕੁਲਜੀਤ ਸਿੰਘ ਖੋਖਰ)**-ਪੰਜਾਬ ਰਾਜ ਬਿਜਲੀ ਬੋਰਡ ਹੁਣ ਪਾਵਰਕਾਮ ਦੀ ਸਿਰਮੋਰ ਜਥੇਬੰਦੀ ਟੀਐਸਯੂ ਜੇ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਅਤੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਸਾਥੀ ਜਗਤਾਰ ਸਿੰਘ ਖੁੰਡਾ ਦੀ ਮਹਿਕਮੇ ਵਿੱਚ ਬਤੌਰ ਫੋਰਮੈਨ ਦੀ ਸੇਵਾਵਾਂ ਤੋਂ ਸੇਵਾਨਿਵਰਤੀ ਰਿਟਾਇਰਮੈਂਟ ਦੇ ਮੌਕੇ ਤੇ ਕਾਦੀਆਂ ਮੰਡਲ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਪਾਵਰਕਾਮ ਦੇ ਅਧਿਕਾਰੀਆਂ ਵੱਲੋਂ ਵਿਸ਼ੇਸ਼ ਸਨਮਾਨ ਕਰਦੇ ਹੋਏ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ ਅਤੇ ਸਾਥੀ ਜਗਤਾਰ ਸਿੰਘ ਖੁੰਡਾ ਦੇ ਮਹਿਕਮੇ ਦੀਆਂ ਡਿਊਟੀ ਦੇ ਨਾਲ ਨਾਲ ਜਥੇਬੰਦੀਆਂ ਦੇ ਕੰਮਾਂ ਦੀ ਸਲਾਘਾ ਕਰਦੇ ਹੋਏ ਸਾਥੀ ਜਗਤਾਰ ਸਿੰਘ ਨੂੰ ਮਹਿਕਮੇ ਦੀ ਡਿਊਟੀ ਤੋਂ ਸੇਵਾਨਿਵਰਤ ਕੀਤਾ ਗਿਆ।ਮੰਡਲ ਵਿਖੇ ਕਰਵਾਏ ਗਏ ਪ੍ਰੋਗਰਾਮ ਵਿੱਚ ਵਧੀਕ ਨਿਗਰਾਨ ਇੰਜੀਨੀਅਰ ਜਗਜੋਤ ਸਿੰਘ ਬਾਜਵਾ ਅਤੇ ਐਸਡੀਓ ਕਾਦੀਆਂ ਇੰਜੀਨੀਅਰ ਜੱਸਾ ਸਿੰਘ, ਭਰਾਤਰੀ ਜਥੇਬੰਦੀਆਂ ਫੈਡਰੇਸ਼ਨ ਏਟਕ ਦੇ ਆਗੂ ਪਿਆਰਾ ਸਿੰਘ ਭਾਮੜੀ ਜੇਈ ਕੌਂਸਲ ਦੇ ਆਗੂ ਜਤਿੰਦਰ ਸਿੰਘ, ਪੈਨਸ਼ਨਰ ਦੇ ਆਗੂ ਬਾਵਾ ਸਿੰਘ , ਪਰਮਜੀਤ ਸਿੰਘ ਕੋਟ,ਮੱਸਾ ਸਿੰਘ ਨੱਤ ,ਸੁਖਵਿੰਦਰ ਸਿੰਘ ਟੀਐਸ ਯੂ ਕਾਦੀਆਂ ਦੇ ਪ੍ਰਧਾਨ ਰਣਜੀਤ ਸਿੰਘ ਆਦਿ ਸਾਥੀਆਂ ਨੇ ਸਾਥੀ ਦਾ ਸਨਮਾਨ ਕੀਤਾ। ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਵੱਲੋਂ ਸਾਥੀ ਨਰਿੰਦਰ ਸਿੰਘ, ਸਤਨਾਮ ਸਿੰਘ ਕਲੇਰ, ਜਸਵਿੰਦਰ ਸਿੰਘ ਕਾਨੇਗਿੱਲ ,ਲਖਵਿੰਦਰ ਸਿੰਘ, ਰਣਧੀਰ ਕੁਮਾਰ, ਨੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਸਾਥੀ ਕ੍ਰਿਸ਼ਨ ਸਿੰਘ ਔਲਖ, ਜੋਨ ਕਮੇਟੀ ਟੀਐਸਯੂ ਵੱਲੋਂ ਮਲਕੀਅਤ ਸਿੰਘ, ਸਾਥੀ ਕਵਲਜੀਤ ਸਿੰਘ ਨੇ ਸਨਮਾਨ ਕੀਤਾ ।ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਰਕਲ ਪ੍ਰਧਾਨ ਲਖਵਿੰਦਰ ਸਿੰਘ ਮੰਝੀਆਂਵਾਲੀ, ਗੁਰਬਚਨ ਸਿੰਘ, ਗੁਰਮੁਖ ਸਿੰਘ ,ਜਮਹੂਰੀ ਕਿਸਾਨ ਸਭਾ ਵੱਲੋਂ ਜਸਪਾਲ ਆਦਿ ਵੱਡੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸਾਥੀ ਜਗਤਾਰ ਸਿੰਘ ਖੁੰਡਾ ਦਾ ਸਨਮਾਨ ਕੀਤਾ ਅਤੇ ਉਹਨਾਂ ਦੇ ਸੰਘਰਸ਼ ਬਾਰੇ ਸਾਥੀਆਂ ਨੂੰ ਜਾਣਕਾਰੀ ਦਿੱਤੀ। ਸੂਬਾ ਪ੍ਰਧਾਨ ਟੀਐਸਯੂ ਸਾਥੀ ਕਿਸ਼ਨ ਸਿੰਘ ਨੇ ਸਾਥੀ ਦੇ ਪਰਿਵਾਰ ਵੱਲੋਂ ਉਸ ਦੇ ਸੰਘਰਸ਼ ਅਤੇ ਜਥੇਬੰਦੀਆਂ ਪ੍ਰਤੀ ਸਮਰਪਣ ਦੀ ਜੰਮ ਕੇ ਪ੍ਰਸੰਸਾ ਕਰਦੇ ਹੋਏ ਪੂਰੇ ਪਰਿਵਾਰ ਤੇ ਸਹਿਯੋਗ ਦਾ ਵਿਸ਼ੇਸ਼ ਧੰਨਵਾਦ ਕੀਤਾ ਸਾਥੀ ਜਗਤਾਰ ਸਿੰਘ ਖੁੰਡਾ ਨੇ ਸਮੂਹ ਸਾਥੀਆਂ ਨੂੰ ਵਿਸ਼ਵਾਸ ਦਿੱਤਾ ਕਿ ਉਹ ਮਹਿਕਮੇ ਦੀ ਡਿਊਟੀ ਤੋਂ ਫਾਰਗ ਹੋਏ ਹਨ ਜਥੇਬੰਦੀ ਵੱਲੋਂ ਸੌਂਪੀ ਗਈ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਮਜ਼ਦੂਰ, ਕਿਸਾਨ, ਮੁਲਾਜ਼ਮਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਪਹਿਲਾਂ ਦੀ ਤਰ੍ਹਾਂ ਹੀ ਤਿਆਰ ਹਨ ਅਤੇ ਹਮੇਸ਼ਾ ਤਿਆਰ ਰਹਿਣਗੇ। ਸਾਥੀ ਨੇ ਆਏ ਹੋਏ ਸਾਰੇ ਆਗੂਆਂ, ਸੱਜਣਾਂ ਮਿੱਤਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਟੀਐਸਯੂ ਸਰਕਲ ਕਮੇਟੀ ਗੁਰਦਾਸਪੁਰ ਵੱਲੋਂ ਸਾਥੀ ਜਗਤਾਰ ਸਿੰਘ ਖੁੰਡਾ ਦੀ ਧਰਮ ਪਤਨੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕਰਦੇ ਹੋਏ ਉਹਨਾਂ ਦੇ ਸਹਿਯੋਗ ਨੂੰ ਵੀ ਯਾਦ ਕੀਤਾ ਤੇ ਉਹਨਾਂ ਦਾ ਅਤੇ ਪੂਰੇ ਪਰਿਵਾਰ ਦਾ ਧੰਨਵਾਦ ਕੀਤਾ। ••

ਆਵਾਜ਼ਿ ਕੌਮ AWAZE QAUM International Newspaper & WEB TV

## ਜਲ ਸ਼ਕਤੀ ਅਭਿਆਨ ਦੇ ਚੀਫ਼ ਨੇ

# ਪਿੰਡ ਧਰਦਿਉ ਦਾ ਦੌਰਾ ਕੀਤਾ



**ਚੌਕ ਮਹਿਤਾ 4 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਭਾਰਤ ਸਰਕਾਰ ਦੇ ਜਲ ਸ਼ਕਤੀ ਅਭਿਆਨ ਦੇ ਚੀਫ਼ ਭਾਰਤ ਭੂਸ਼ਣ ਵਰਮਾ ਅਤੇ ਰਚਨਾ ਭੱਟੀ ਸਾਇੰਸਦਾਨ ਜਲ ਸ਼ਕਤੀ ਅਭਿਆਨ ਨੇ ਬੀਤੇ ਦਿਨ ਪਿੰਡ ਧਰਦਿਉ ਦਾ ਦੌਰਾ ਕੀਤਾ ਅਤੇ ਪੰਚਾਇਤ ਅਤੇ ਟਰੱਸਟ ਦੇ ਕੰਮਾਂ ਦੀ ਸਰਾਹਨਾ ਕੀਤੀ। ਇਸ ਮੌਕੇ ਆਈ ਹੋਈ ਟੀਮ ਨੇ ਪਿੰਡ ਧਰਦਿਓ ਦੇ ਜਾਲ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਿਸ ਵਿੱਚ ਸਕੂਲ ਵਿੱਚ ਬਣੇ ਬਰਸਾਤੀ ਪਾਣੀ ਨੂੰ ਧਰਤੀ ਵਿੱਚ ਰੀਚਾਰਜ ਕਰਨ ਦੇ ਪ੍ਰੋਜੈਕਟ ਤੋਂ ਬਾਅਦ ਸਾਂਝਾ ਜਲ ਤਲਾਬ ਦਾ ਨਿਰੀਖਣ ਕੀਤਾ ਅਤੇ ਟੀਮ ਦੇ ਕੰਮਾਂ ਦੀ ਪ੍ਰਸ਼ੰਸ਼ਾ ਕੀਤੀ ਅਤੇ ਇਹ ਕਿਹਾ ਕੇ ਪਿੰਡ ਧਰਦਿਓ ਨੂੰ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਇਸ ਮੌਕੇ ਸੋਨੀ ਸਰਪੰਚ ਨੇ ਆਈ ਟੀਮ ਦਾ ਧੰਨਵਾਦ ਕੀਤਾ ਇਸ ਮੌਕੇ ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਜਿਲ੍ਹਾ ਅਧਿਕਾਰੀ ਰਵਿੰਦਰ ਸਿੰਘ,ਉਪ ਮੰਡਲ ਅਫਸਰ ਰਾਹੁਲਦੀਪ ਸਿੰਘ,ਲਖਬੀਰ ਸਿੰਘ ਭੂਮੀ ਰੱਖਿਆ ਅਫ਼ਸਰ ਜੰਡਿਆਲਾ ਗੁਰੂ, ਨਰੇਗਾ ਜਿਲ੍ਹਾ ਮੁੱਖੀ ਹਰਸਿਮਰਨ ਕੌਰ ਛੀਨਾ,ਜਿਲ੍ਹਾ ਸਿੱਖਿਆ ਅਫਸਰ ਕਵਲਜੀਤ ਸਿੰਘ,ਬਲਾਕ ਸਿੱਖਿਆ ਅਫਸਰ ਜਸਪਾਲ, ਸੈਂਟਰ ਹੈਂਡ ਟੀਚਰ ਦਿਲਬਾਗ ਸਿੰਘ ਬਾਜਵਾ,ਇਸ ਮੌਕੇ ਬੀ.ਡੀ.ਪੀ.ਓ ਕੁਲਵੰਤ ਸਿੰਘ ਸੈਕਟਰੀ ਮੇਵਾ ਸਿੰਘ ਸੈਕਟਰੀ ਅਵਤਾਰ ਸਿੰਘ, ਮੈਂਬਰ ਕੁਲਵਿੰਦਰ ਸਿੰਘ,ਮੈਂਬਰ ਜਸਵਿੰਦਰ ਸਿੰਘ,ਮੈਂਬਰ ਗੁਰਸਾਹਿਬ ਸਿੰਘ,ਮੈਂਬਰ ਪ੍ਰਤਾਪ ਸਿੰਘ,ਸਰਵਣ ਸਿੰਘ,ਦਰਬਾਰਾ ਸਿੰਘ,ਕੁਲਵੰਤ ਮਾਹਲਾ,ਸ਼ਿੰਗਾਰਾ ਸਿੰਘ, ਸੁਰਜਨ ਸਿੰਘ,ਮੇਵਾ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸੰਸਥਾ ਕਲਾਪੀਠ ਨੇ ਕਰਵਾਇਆ ਸਮਾਗਮ

# ਇੰਜ: ਸ਼ਿੰਗਾਰ ਸਿੰਘ ਤਲਵੰਡੀ ਦਾ ਪਲੇਠਾ ਸਫ਼ਰਨਾਮਾ ਦੱਖਣ ਦੀ ਯਾਤਰਾ ਹੋਇਆ ਲੋਕ ਅਰਪਿਤ





**ਫ਼ਿਰੋਜ਼ਪੁਰ, 4 ਅਗਸਤ (ਮਨੋਹਰ ਲਾਲ) :—** ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ (ਰਜਿ:) ਵੱਲੋਂ ਸਾਦੇ ਪਰ ਭਾਵਪੂਰਤ ਸਮਾਗਮ ਵਿੱਚ ਇੰਜ: ਸ਼ਿੰਗਾਰ ਸਿੰਘ ਤਲਵੰਡੀ ਦਾ ਪਲੇਠਾ ਸਫ਼ਰਨਾਮਾ ਦੱਖਣ ਦੀ ਯਾਤਰਾ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਪੰਜਾਬੀ ਸ਼ਾਇਰ ਅਤੇ ਕਲਾਪੀਠ ਦੇ ਪ੍ਰਧਾਨ ਪ੍ਰੋ: ਜਸਪਾਲ ਘਈ ਨੇ ਕੀਤੀ ਜਦੋਂ ਕਿ ਮੁੱਖ ਮਹਿਮਾਨ ਵਜੋਂ ਚਰਚਿਤ ਗ਼ਜ਼ਲਗੋ ਪ੍ਰੋ: ਗੁਰਤੇਜ ਕੋਹਾਰਵਾਲਾ ਸ਼ਾਮਿਲ ਹੋਏ। ਪ੍ਰਧਾਨਗੀ ਮੰਡਲ ਵਿੱਚ ਕਿਤਾਬ ਦੇ ਲੇਖਕ ਇੰਜ: ਸ਼ਿੰਗਾਰ ਸਿੰਘ ਤਲਵੰਡੀ ਵੀ ਸ਼ਾਮਲ ਸਨ। ਮੰਚ ਸੰਚਾਲਕ ਦੀ ਭੂਮਿਕਾ ਉੱਘੇ ਕਵੀ ਅਤੇ ਅਨੁਵਾਦਕ ਸੁਖਜਿੰਦਰ ਨੇ ਅਦਾ ਕੀਤੀ, ਜਦੋਂ ਕਿ ਹਰਮੀਤ ਵਿਦਿਆਰਥੀਆਂ ਨੇ ਆਏ ਮਹਿਮਾਨਾਂ ਦਾ ਸੁਆਗਤ ਕਰਦਿਆਂ ਕਲਾਪੀਠ ਦੀ ਸਰਗਰਮੀਆਂ ਦੀ ਜਾਣਕਾਰੀ ਦਿੱਤੀ।

ਪਹਿਲੇ ਪੜਾਅ ਵਿੱਚ ਇੰਜ: ਸ਼ਿੰਗਾਰ ਸਿੰਘ ਤਲਵੰਡੀ ਦੀ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ, ਜਿਸ ਵਿੱਚ ਪ੍ਰਧਾਨਗੀ ਮੰਡਲ ਦੇ ਨਾਲ ਲਾਲ ਸਿੰਘ ਸੁਲਹਾਣੀ, ਓਮ ਪ੍ਰਕਾਸ਼ ਸਰੋਏ, ਗੁਰਦਿਆਲ ਸਿੰਘ ਵਿਰਕ, ਪ੍ਰੋ: ਕੁਲਦੀਪ, ਰਾਜੀਵ ਖ਼ਿਆਲ, ਡਾ: ਜਗਦੀਪ ਸਿੰਘ ਸੰਧੂ ਜ਼ਿਲ੍ਹਾ ਭਾਸ਼ਾ ਅਫ਼ਸਰ, ਡਾ: ਰਾਮੇਸ਼ਵਰ ਕਟਾਰਾ, ਸੁਖਦੇਵ ਸਿੰਘ ਭੱਟੀ ਵੀ ਸ਼ਾਮਲ ਹੋਏ। ਸਮੁੱਚੇ ਹਾਊਸ ਵਿੱਚ ਹਾਜ਼ਰ ਲੇਖਕਾਂ—ਪਾਠਕਾਂ ਨੇ ਇਸ ਪਹਿਲੇ ਉਪਰਾਲੇ ਲਈ ਲੇਖਕ ਨੂੰ ਮੁਬਾਰਕਬਾਦ ਦਿੱਤੀ। ਕਿਤਾਬ ਬਾਰੇ ਵਿਚਾਰ ਚਰਚਾ ਸ਼ੁਰੂ ਕਰਦਿਆਂ ਓਮ ਪ੍ਰਕਾਸ਼ ਸਰੋਏ ਨੇ ਇਸ ਕਿਤਾਬ ਦੀ ਸਿਰਜਣ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾ: ਜਗਦੀਪ ਸਿੰਘ ਸੰਧੂ ਨੇ ਸਫ਼ਰਨਾਮੇ ਵਿੱਚ ਕੀਤੀ ਕੇਰਲਾ, ਤਾਮਿਲਨਾਡੂ ਅਤੇ ਪੰਜਾਬ ਦੇ ਆਰਥਿਕ ਰਾਜਨੀਤਕ ਹਾਲਤ ਦੀ ਤੁਲਨਾ ਨੂੰ ਕਿਤਾਬ ਦਾ ਮਹੱਤਵਪੂਰਨ ਹਿੱਸਾ ਦੱਸਿਆ। ਪ੍ਰੋ: ਕੁਲਦੀਪ ਨੇ ਕਿਤਾਬ ਦੀ ਕਾਵਿਕ ਭਾਸ਼ਾ ਦੀ ਸ਼ਲਾਘਾ ਕੀਤੀ। ਪ੍ਰੋ: ਗੁਰਤੇਜ ਕੋਹਾਰਵਾਲਾ ਨੇ ਰਚਨਾ ਦੀ ਕਲਾਤਮਿਕਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਅੰਦਰ ਜਦੋਂ ਇੰਟਰਨੈਟ ਉੱਤੇ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਹੈ ਤਾਂ ਜਾਣਕਾਰੀ ਦੇ ਨਾਲ—ਨਾਲ ਕਲਾਤਮਿਕਤਾ ਇੱਕੋ—ਇੱਕ ਤੱਤ ਹੈ ਜੋ ਪਾਠਕਾਂ ਨੂੰ ਰਚਨਾ ਨਾਲ ਜੋੜ ਸਕਦਾ ਹੈ।

ਇੰਜ: ਸ਼ਿੰਗਾਰ ਸਿੰਘ ਤਲਵੰਡੀ ਨੇ ਗੋਸ਼ਟੀ ਉਠਾਏ ਗਏ ਨੁਕਤਿਆਂ ਦਾ ਸਵਾਗਤ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਅਗਲੀਆਂ ਲਿਖਤਾਂ ਵਿੱਚ ਉਹ ਇਨ੍ਹਾਂ ਨੁਕਤਿਆਂ ਅਤੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਾਂਗਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ: ਜਸਪਾਲ ਘਈ ਨੇ ਸਾਰੀ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਦੱਖਣ ਦਾ ਸਫ਼ਰਨਾਮਾ ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਕੇਰਲਾ ਅਤੇ ਤਾਮਿਲਨਾਡੂ ਦੀਆਂ ਸਰਹੱਦਾਂ ਮਿਲਦੀਆਂ ਹੋਣ ਦੇ ਬਾਵਜੂਦ ਉਨ੍ਹਾਂ ਦੇ ਰਾਜਨੀਤਕ ਅਤੇ ਸਮਾਜਿਕ ਹਾਲਾਤ ਵਿਚਲੇ ਫ਼ਰਕ ਦਾ ਸਮਝ ਨਹੀਂ ਆਉਂਦਾ। ਢਾਈ ਘੰਟੇ ਚੱਲੇ ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰੀਸ਼ ਮੌਂਗਾ, ਪ੍ਰੋ: ਸੁਖਵਿੰਦਰ ਜੋਸ਼, ਪ੍ਰੋ: ਗੁਰਵਿੰਦਰ, ਕਮਲ ਸ਼ਰਮਾ, ਇੰਜ: ਹਰਮੇਲ ਸਿੰਘ ਖੋਸਾ, ਅਸ਼ੋਕ ਕਪਤਾਨ, ਕਰਮਜੀਤ ਸਿੰਘ, ਇੰਜ: ਮਨੋਹਰ ਲਾਲ, ਜਬਰ ਮਾਹਲਾ, ਇੰਜ: ਮੁਲਖ ਰਾਜ, ਅਮਰਸੀਰ ਸਿੰਘ, ਤਰਲੋਚਨ ਚੋਪੜਾ, ਸੁਖਦੇਵ ਸਿੰਘ, ਪ੍ਰਥਮ ਆਦਿ ਲੇਖਕਾਂ ਬੁੱਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਸਮਾਗਮ ਦੇ ਅੰਤ ਵਿਚ ਲਾਲ ਸਿੰਘ ਸੁਲਹਾਣੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰ ਬਾਬਾ ਦਰਸ਼ਨ ਸਿੰਘ ਵਿਖੇ ਅੱਖਾਂ ਲਗਾਇਆ ਅੱਖਾਂ ਦਾ ਚੈਕ ਅੱਪ ਕੈਂਪ



**ਚੌਕ ਮਹਿਤਾ, 4 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਵਾਰਾ ਬਾਬਾ ਦਰਸ਼ਨ ਕੁੱਲੀ ਵਿਖੇ ਗ੍ਰਾਮ ਪੰਚਾਇਤ ਅਜੇ ਨਗਰ ਸਰਪੰਚ ਜਸਪਾਲ ਸਿੰਘ ਸੰਧੂ ਸਮਾਜ ਸੇਵਕ ਬਾਬਾ ਗੁਰਜੀਤ ਸਿੰਘ ਦੇ ਵਿਸ਼ੇਸ਼ ਯਤਨਾ ਸਦਕਾ ਸ਼ੌਕੀਨ ਹਸਪਤਾਲ ਦੀ ਅਗਵਾਈ ਹੇਠ ਅੱਖਾਂ ਦਾ ਫਰੀ ਚੈੱਕਅਪ ਕੈਂਪ ਲਗਾਇਆ ਗਿਆ ਇਸ ਕੈਂਪ ਦੌਰਾਨ ਡਾ ਸ਼ਕੀਨ ਸਿੰਘ ਮਾਹਰ ਡਾਕਟਰਾਂ ਦੀ ਟੀਮ ਦੁਆਰਾ ਅੱਖਾਂ ਦਾ ਚੈੱਕ-ਅਪ ਕੀਤਾ। ਇਸ ਮੌਕੇ 150 ਤੋਂ ਵੱਧ ਮਰੀਜ਼ਾਂ ਨੇ ਅੱਖਾਂ ਅਤੇ ਹੋਰ ਬਿਮਾਰੀਆਂ ਦੀ ਜਾਂਚ ਕਰਵਾਈ, ਜਿੰਨਾਂ ਵਿੱਚ 37 ਮਰੀਜ ਅਜਿਹੇ ਪਾਏ ਗਏ ਜਿਨਾਂ ਨੂੰ ਤੁਰੰਤ ਅਪ੍ਰੇਸ਼ਨ ਦੀ ਜਰੂਰਤ ਹੈ ਹਸਪਤਾਲ ਦੁਆਰਾ ਫਰੀ ਕੀਤੇ ਜਾਣਗੇ ਕੈਂਪ ਦੌਰਾਨ ਡਾਕਟਰ ਸੁਦਾਮਾ ,ਡਾ. ਰਨਜੀਤ ਸਿੰਘ,ਡਾ. ਸੁਖਬਾਜ਼ ਸਿੰਘ, ਜੋਬਨਜੀਤ ਸਿੰਘ ਨੇ ਸੇਵਾ ਨਿਭਾਈ। ਸੰਨੀ ਅਰੋੜਾ ਅਤੇ ਲੋਕ ਸਾਂਝ ਵੈਲਫੇਅਰ ਫਾਉਂਡੇਸ਼ਨ ਦੇ ਸਹਿਯੋਗ ਨਾਲ ਲੋੜਵੰਦਾਂ ਨੂੰ ਫਰੀ ਐਨਕਾਂ ਦਵਾਈਆਂ ਆਦ ਦਿੱਤੀਆਂ ਗਈਆਂ ਇਸ ਮੌਕੇਸੰਨੀ ਅਰੋੜਾ ,ਮਨੀਸ਼ ਅਰੋੜਾ ,ਵਿੱਕੀ ਅਰੋੜਾ , ਸਾਹਿਬ ਸਿੰਘ ਰਿੱਕੂ ,ਮੋਹਿੰਦਰ ਸਿੰਘ , ਮਨਜੀਤ ਸਿੰਘ , ਹਰਦੀਪ ਸਿੰਘ , ਜਸਬੀਰ ਸਿੰਘ ,ਸਰਪੰਚ ਸਤਨਾਮ ਸਿੰਘ , ਕਰਮ ਸਿੰਘ ਸੰਧੂ , ਗੁਰਦਿਆਲ ਸਿੰਘ ਚੀਮਾ ,ਜਸਕਰਨ ਸਿੰਘ ਵੜੈਚ ,ਹਰਦੀਸ਼ ਸਿੰਘ ,ਬਲਰਾਜ ਸਿੰਘ ਗਿੱਲ ,ਮਾਸਟਰ ਨਿਸ਼ਾਨ ਸਿੰਘ ,ਜਥੇਦਾਰ ਭੁਪਿੰਦਰ ਸਿੰਘ ਹਰਜੀਤ ਸਿੰਘ , ਨਰਿੰਦਰ ਸਿੰਘ , ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਇਮਾਨਦਾਰੀ ਦੀ ਮਿਸਾਲ ਐਸ.ਐਮ.ਓ ਡਾ. ਪ੍ਰੀਤ ਵੀਨ ਕੌਰ ਸੰਧੂ : ਡਾ ਰਾਕੇਸ਼ ਸ਼ਰਮਾ



**ਚੌਕ ਮਹਿਤਾ, 4 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਕੰਮ ਕਰ ਰਹੀ ਡਾ. ਪ੍ਰੀਤ ਵੀਨ ਕੌਰ ਸੰਧੂ, ਜੋ ਕਿ ਜ਼ਿਲ੍ਹੇ ਦੇ ਕਈ ਐਸ.ਐਮ.ਓ ਤੋਂ ਸੀਨੀਅਰ ਹੋਣ ਦੇ ਬਾਵਜੂਦ ਅਤੇ ਮੌਜੂਦਾ ਸਮੇਂ ਵਿੱਚ ਕਾਰਜਕਾਰੀ ਐਸ.ਐਮ.ਓ ਹੋਣ ਦੇ ਬਾਵਜੂਦ ਇੱਕ ਡਾਕਟਰ/ਮੈਡੀਕਲ ਅਫ਼ਸਰ ਦੀ ਐਮਰਜੈਂਸੀ ਡਿਊਟੀ ਵੀ ਨਿਭਾ ਰਹੀ ਹੈ। ਸਾਨੂੰ ਅਜਿਹੇ ਡਾਕਟਰਾਂ 'ਤੇ ਮਾਣ ਹੈ ਜੋ ਐਸ ਐੱਮ ਓ ਹੋਣ ਦੇ ਨਾਲ-ਨਾਲ ਡਾਕਟਰ ਹੋਣ ਦਾ ਆਪਣਾ ਫਰਜ਼ ਵੀ ਨਿਭਾ ਰਹੇ ਹਨ ਐਤਵਾਰ ਨੂੰ ਛੁੱਟੀ ਹੋਣ ਦੇ ਬਾਵਜੂਦ ਉਹ ਅਪਰੇਸ਼ਨ ਥੀਏਟਰ ਵਿੱਚ ਆਪਣੀ ਡਿਊਟੀ ਨਿਭਾ ਰਹੀ ਸੀ। ਉਸ ਨੇ ਕਿਹਾ ਕਿ ਫਰੈਂਡਸ਼ਿਪ ਡੇਅ 'ਤੇ ਮੈਂ ਆਪਣੇ ਹਸਪਤਾਲ 'ਚ ਡਿਊਟੀ ਕਰਕੇ ਅਤੇ ਹਸਪਤਾਲ 'ਚ ਆਉਣ ਵਾਲੇ ਮਰੀਜ਼ਾਂ ਦੀ ਸੇਵਾ ਕਰਕੇ ਆਪਣੀ ਪਹਿਲੀ ਦੋਸਤੀ ਨੂੰ ਪੂਰਾ ਕਰ ਰਿਹਾ ਹਾਂ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਅਤੇ ਸੂਬਾ ਪ੍ਰਧਾਨ ਅਚਾਰੀਆ ਗੁਰੂ ਮੀਤ ਰਾਜਪੁਰੋਹਿਤ ਨਾਲ ਡਾ: ਪ੍ਰੀਤ ਵੀਨ ਕੌਰ ਸੰਧੂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਡਾ: ਪ੍ਰੀਤ ਵੀਨ ਕੌਰ ਸੰਧੂ ਇੱਕ ਮਿਹਨਤੀ ਅਤੇ ਇਮਾਨਦਾਰ ਡਾਕਟਰ ਹਨ। ਉਨ੍ਹਾਂ ਦਾ ਜੀਵਨ ਹਸਪਤਾਲ ਅਤੇ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਸਮਰਪਿਤ ਹੈ। ਉਹ ਚੰਗੇ ਲਈ ਕੰਮ ਕਰਦੀ ਹੈ ਅਤੇ ਇਸਦੇ ਲਈ ਉਸਦਾ ਸਟੈਂਡ ਬਹੁਤ ਸਪੱਸ਼ਟ ਅਤੇ ਅਸਪਸ਼ਟ ਹੈ। ਅਚਾਰੀਆ ਜੀ ਨੇ ਉਸਦਾ ਨਾਮ "ਲੇਡੀ ਸਿੰਘਮ" ਰੱਖਿਆ ਹੈ। ਉਸ ਦਾ ਕਹਿਣਾ ਹੈ ਕਿ ਬਾਕੀ ਡਾਕਟਰਾਂ ਨੂੰ ਚਾਹੀਦਾ ਹੈ ਕਿ ਉਹ ਡਾ: ਪ੍ਰੀਤ ਵੀਨ ਕੌਰ ਸੰਧੂ ਤੋਂ ਸਿੱਖਿਆ ਲੈ ਕੇ ਅਨਾਥਾਂ ਦੇ ਮਸਲਿਆਂ ਨੂੰ ਛੱਡ ਕੇ ਹਸਪਤਾਲ ਤੇ ਆਉਣ ਵਾਲੇ ਮਰੀਜ਼ਾਂ ਲਈ ਕੰਮ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV



## ਜਨਮ ਦਿਨ ਮੁਬਾਰਕ



ਜਨਮ ਦਿਨ, ਨਿਊ ਪ੍ਰੈਸ ਕਲੱਬ ਚੌਕ ਮਹਿਤਾ ਪ੍ਰਧਾਨ ਬਲਜਿੰਦਰ ਸਿੰਘ ਰੰਧਾਵਾ ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

### ਕਿਸਾਨੀ ਮੰਗਾਂ ਨੂੰ ਲੈ ਕੇ

# ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਹੋਈ ਮੀਟਿੰਗ



**ਫ਼ਿਰੋਜ਼ਪੁਰ, 4 ਅਗਸਤ (ਮਨੋਹਰ ਲਾਲ) :—** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜਪੁਰ ਦੀ ਮਹੀਨਾਵਰ ਮੀਟਿੰਗ ਜਿਲਾ ਪ੍ਰਧਾਨ ਜਗੀਰ ਸਿੰਘ ਖਹਿਰਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਗੁਲਜਾਰ ਸਿੰਘ ਕੱਬਰਵੱਛਾ ਦੀ ਅਗਵਾਈ ਹੇਠ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਫਿਰੋਜ਼ਪੁਰ ਦੇ ਹੀ ਸਾਰੇ ਬਲਾਕ ਆਗੂਆਂ ਵੱਲੋਂ ਅਤੇ ਜੁਝਾਰੂ ਸਾਥੀਆਂ ਵੱਲੋਂ ਇਸ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਗਈ ਜਿਸ ਵਿੱਚ ਬੁਲਾਰਿਆਂ ਨੇ ਬੋਲਦਿਆਂ ਹੋਇਆਂ ਕਿਹਾ ਕਿ ਆਉਣ ਵਾਲੀ 12 ਅਗਸਤ ਨੂੰ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਉਨ੍ਹਾਂ ਦੀ 27ਵੀਂ ਬਰਸੀ ਨੂੰ ਮੁੱਖ ਰੱਖਦਿਆਂ ਹੋਇਆਂ ਜ਼ਿਲਾ ਫਿਰੋਜ਼ਪੁਰ ਵੱਲੋਂ ਇਸ ਬਰਸੀ ਉੱਪਰ ਸੈਂਕੜੇ ਕਿਸਾਨ ਬੀਬੀਆਂ ਅਤੇ ਕਿਸਾਨ ਆਗੂਆਂ ਵੱਲੋਂ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਆਉਣ ਵਾਲੀ 15 ਅਗਸਤ ਸੁਤੰਤਰਤਾ ਦਿਵਸ ਵਾਲੇ ਦਿਨ ਕੁਲਰੀਆਂ ਦੇ ਕਿਸਾਨਾਂ ਨੂੰ ਇਨਸਾਫ ਦਵਾਉਣ ਲਈ ਜਿਹੜਾ ਵੀ ਪੰਜਾਬ ਸਰਕਾਰ ਦਾ ਮੰਤਰੀ ਜਾਂ ਐਮ.ਐਲ.ਏ ਜਿਲਾ ਫਿਰੋਜਪੁਰ ਵਿੱਚ ਝੰਡੇ ਦੀ ਰਸਮ ਉੱਪਰ ਆਵੇਗਾ ਉਸ ਦਾ ਕਾਲੇ ਝੰਡੇ ਵਿਖਾ ਕੇ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਜੇਕਰ 15 ਅਗਸਤ ਤੱਕ ਉਨ੍ਹਾਂ ਕਿਸਾਨਾਂ ਨੂੰ ਇਨਸਾਫ ਨਾ ਦਿੱਤਾ ਗਿਆ ਤਾਂ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਉਣ ਵਾਲੇ ਟਾਈਮ ਵਿੱਚ ਜੋ ਵੀ ਪ੍ਰੋਗਰਾਮ ਉਲੀਕਿਆ ਜਾਵੇਗਾ, ਉਸ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਫਿਰੋਜਪੁਰ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰੋਗਰਾਮ ਅਨੁਸਾਰ ਜ਼ਿਲਾ ਫਿਰੋਜ਼ਪੁਰ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਧ ਚੜ ਕੇ ਹਿੱਸਾ ਲਵੇਗੀ, ਦੀਪ ਟਾਟਾ ਏਜੰਸੀ ਵੱਲੋਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਪਾਣੀ ਵਿੱਚ ਡੁੱਬੀ ਹੋਈ ਗੱਡੀ ਫਾਜ਼ਿਲਕਾ ਦੇ ਇੱਕ ਵਿਅਕਤੀ ਨੂੰ ਦਿੱਤੇ ਜਾਣ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਆਉਣ ਵਾਲੀ 20 ਅਗਸਤ ਨੂੰ ਟਾਟਾ ਦੀਪ ਏਜੰਸੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਪੱਕੇ ਤੌਰ ਤੇ ਮੋਰਚਾ ਲਗਾਇਆ ਜਾਵੇਗਾ, ਜਿੰਨਾਂ ਚਿਰ ਉਸ ਗੱਡੀ ਦਾ ਕੋਈ ਹੱਲ ਨਹੀਂ ਕੀਤਾ ਜਾਂਦਾ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ, ਜ਼ਿਲਾ ਮੀਤ ਪ੍ਰਧਾਨ ਬਗੀਚਾ ਸਿੰਘ, ਜ਼ਿਲ੍ਹਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲਾ ਕਮੇਟੀ ਮੈਂਬਰ ਪਰਵਿੰਦਰ ਕੌਰ, ਅਵਤਾਰ ਸਿੰਘ, ਜਸਵੰਤ ਸਿੰਘ, ਜਸਵਿੰਦਰ ਸਿੰਘ, ਬਲਜੀਤ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਸੁਖਪਾਲ ਸਿੰਘ, ਬਲਕਾਰ ਸਿੰਘ, ਸੁਖਵਿੰਦਰ ਸਿੰਘ, ਗੁਰਦੇਵ ਸਿੰਘ, ਸਤਨਾਮ ਚੰਦ, ਬੂੜ ਸਿੰਘ, ਮੇਜਰ ਸਿੰਘ ਚੰਦੀ, ਮਹਿੰਦਰ ਸਿੰਘ, ਜਰਨੈਲ ਸਿੰਘ, ਸਤਨਾਮ ਸਿੰਘ, ਸੁਖਦੇਵ ਸਿੰਘ, ਮਹਿਲ ਸਿੰਘ, ਮਲਕੀਤ ਸਿੰਘ, ਗੁਰਮੀਤ ਸਿੰਘ, ਗੁਰਜੰਟ ਸਿੰਘ, ਮੇਜਰ ਸਿੰਘ, ਪ੍ਰੀਤਮ ਸਿੰਘ ਚੰਦੜ, ਸੁਖਜਿੰਦਰ ਸਿੰਘ ਥਿੰਦ, ਸੁਖਬੀਰ ਸਿੰਘ ਚੰਦੜ, ਸੁਖਦੇਵ ਢੋਟ ਪੰਜੇ ਕੇ, ਬਲਾਕ ਪ੍ਰਧਾਨ ਸ਼ਾਮ ਲਾਲ, ਚਮਨ ਲਾਲ, ਜਟੂ ਰਾਮ, ਰਮਣ ਕੁਮਾਰ, ਮਹਿੰਦਰ ਸਿੰਘ, ਸੁਬੇਗ ਸਿੰਘ, ਜਗੀਰ ਸਿੰਘ, ਹਰਭਜਨ ਸਿੰਘ, ਜਸਪਾਲ ਸਿੰਘ, ਮਹਿਲ ਸਿੰਘ, ਜਤਿੰਦਰ ਸਿੰਘ, ਪੰਜਾਬ ਸਿੰਘ, ਮੇਜਰ ਸਿੰਘ, ਸੁਖਵਿੰਦਰ ਸਿੰਘ, ਬੂਟਾ ਸਿੰਘ, ਗੁਰਨਾਮ ਸਿੰਘ, ਨੈਬ ਸਿੰਘ, ਟਹਿਲ ਸਿੰਘ, ਸਤਪਾਲ ਸਿੰਘ, ਗੁਰਦੀਪ ਸਿੰਘ, ਬਲਕਾਰ ਸਿੰਘ, ਬੇਅੰਤ ਸਿੰਘ, ਅੰਮ੍ਰਿਤਪਾਲ ਸਿੰਘ, ਅੰਗਰੇਜ ਸਿੰਘ, ਦਲਬੀਰ ਸਿੰਘ, ਰੇਸ਼ਮ ਸਿੰਘ, ਅਮਿਤਪਾਲ ਸਿੰਘ, ਜਗਰਾਜ ਸਿੰਘ, ਬਲਾਕ ਮਮਦੋਟ ਖਜਾਨਚੀ ਬਲਕਾਰ ਸਿੰਘ, ਬਲਾਕ ਪ੍ਰਧਾਨ ਮਮਦੋਟ ਜਤਿੰਦਰ ਸਿੰਘ, ਹਰਬੰਸ ਸਿੰਘ, ਜਗਤਾਰ ਸਿੰਘ ਬਲਾਕ ਪ੍ਰੈੱਸ ਸਕਤਰ ਮਮਦੋਟ ਗੁਰਭੇਜ ਸਿੰਘ ਬਲਾਕ ਮਖੂ ਜਨਰਲ ਸਕੱਤਰ ਮੁਨਸ਼ਾ. ਸਿੰਘ ਬਲਾਕ ਮੱਖੂ ਪ੍ਰਧਾਨ ਰੇਸ਼ਮ ਸਿੰਘ, ਦਿਆਲ ਸਿੰਘ, ਸੇਵਾ ਸਿੰਘ, ਇਕਬਾਲ ਸਿੰਘ, ਅਮਰਦੀਪ ਸਿੰਘ, ਬਲਕਾਰ ਸਿੰਘ, ਸੁਖਦੇਵ ਢੋਟ ਗੁਰੂ ਸਾਹਿਬ ਦੋ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।

### ਸਤਲੁਜ ਪ੍ਰੈਸ ਕਲੱਬ ਫ਼ਿਰੋਜ਼ਪੁਰ ਦੀ ਹੋਈ ਚੋਣ

# ਗੁਰਨਾਮ ਸਿੰਘ ਸਿੱਧੂ ਪ੍ਰਧਾਨ ਤੇ ਵਿਜੇ ਸ਼ਰਮਾ ਬਣੇ ਚੇਅਰਮੈਨ










**ਫ਼ਿਰੋਜ਼ਪੁਰ, 4 ਅਗਸਤ (ਮਨੋਹਰ ਲਾਲ) :—** ਪੱਤਰਕਾਰਾਂ ਨੂੰ ਆਉਂਦੀਆਂ ਮੁਸ਼ਿਕਲਾਂ ਦੇ ਹੱਲ ਅਤੇ ਸਮਾਜਿਕ ਕੁਰੀਤੀਆਂ ਖ਼ਿਲਾਫ਼ ਲੜਨ ਲਈ ਇੱਕ ਝੰਡੇ ਥੱਲੇ ਇਕੱਠੇ ਹੋ ਕੇ ਚੱਲਣ ਲਈ ਬਣਾਈ ਗਈ ਸਤਲੁਜ ਪ੍ਰੈਸ ਕਲੱਬ ਫਿਰੋਜ਼ਪੁਰ ਦੀ ਸਲਾਨਾ ਚੋਣ ਇਸ ਵਾਰ ਫਿਰ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਚੋਣ ਵਿੱਚ ਸਰਬਸੰਮਤੀ ਨਾਲ ਗੁਰਨਾਮ ਸਿੰਘ ਸਿੱਧੂ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਅਤੇ ਵਿਜੇ ਸ਼ਰਮਾ ਨੂੰ ਤੀਜੀ ਵਾਰ ਚੇਅਰਮੈਨ ਬਣਾਇਆ ਗਿਆ। ਸਤਲੁਜ ਪ੍ਰੈਸ ਕਲੱਬ ਦੇ ਦਫ਼ਤਰ ਵਿਖੇ ਹੋਈ ਚੋਣ ਪ੍ਰਕ੍ਰਿਆ ਦੌਰਾਨ ਆਪਣੀ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਸਮੂਹ ਪੱਤਰਕਾਰਾਂ ਵੱਲੋਂ ਆਪਣੀ ਪੁਰਾਣੀ ਪ੍ਰੰਪਰਾ ਬਰਕਰਾਰ ਰੱਖੀ ਗਈ ਅਤੇ ਇਸ ਵਾਰ ਵੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਪ੍ਰਧਾਨ ਬਣਨ ਤੋਂ ਬਾਅਦ ਗੁਰਨਾਮ ਸਿੱਧੂ ਅਤੇ ਚੇਅਰਮੈਨ ਵਿਜੇ ਸ਼ਰਮਾ ਨੇ ਸਮੂਹ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਹਮੇਸ਼ਾਂ ਪੱਤਰਕਾਰਾਂ ਦੇ ਹਿਤਾਂ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਸ਼ਹਿਰ ਅਤੇ ਸਮਾਜ ਵਿਚ ਆਈਆਂ ਮੁਸ਼ਿਕਲਾਂ ਨੂੰ ਪ੍ਰਸ਼ਾਸ਼ਨ ਅਤੇ ਸਰਕਾਰਾਂ ਸਾਹਮਣੇ ਪਹਿਲ ਦੇ ਅਧਾਰ ਤੇ ਰੱਖਦੇ ਰਹਿਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪੱਤਰਕਾਰਤਾ ਦੇ ਨਾਲ—ਨਾਲ ਸਤਲੁਜ ਪ੍ਰੈੱਸ ਕਲੱਬ ਫ਼ਿਰੋਜ਼ਪੁਰ ਸਮਾਜਿਕ ਕੰਮਾਂ ਨੂੰ ਵੀ ਪਹਿਲ ਦੇਵੇਗੀ। ਪ੍ਰਧਾਨ ਗੁਰਨਾਮ ਸਿੱਧੂ, ਚੇਅਰਮੈਨ ਵਿਜੇ ਸ਼ਰਮਾ ਦੀ ਚੋਣ ਤੇ ਚੁਫੇਰਿਉ ਵਧਾਈਆਂ ਮਿਲ ਰਹੀਆਂ ਹਨ।

# ਗੁਰਦੁਆਰਾ ਛੇਵੀਂ ਪਾਤਸ਼ਾਹੀ ਗੁਰੂਆਨਾ ਵੈਰੋਨੰਗਲ ਵਿਖੇ, ਮਹਾਨ ਅੰਮ੍ਰਿਤ ਸੰਚਾਰ ਅੱਜ

**ਚੌਕ ਮਹਿਤਾ, 4 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵੱਲੋਂ ਪੰਜਾ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਛਤਰ ਛਾਇਆ ਹੇਠ ਪ੍ਰਧਾਨ ਐਡਵੋਕੇਟ ਸ, ਹਰਜਿੰਦਰ ਸਿੰਘ ਧਾਮੀ ਜੀ ਉੱਪਰਾਲਾ ਸਦਕਾ ਅਤੇ ਹਲਕਾ ਦੇ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਮੈਬਰ ਸੁਰਜੀਤ ਸਿੰਘ ਤੁਗਲਵਾਲ ਜੀ ਅਤੇ ਮੈਨੇਜਰ ਲਵਜੀਤ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਬਲਵੀਰ ਸਿੰਘ ਪੱਡਾ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਿਸੇਸ ਸਹਿਯੋਗ ਨਾਲ ਗੁਰਦੁਆਰਾ ਮੀਰੀ ਪੀਰੀ ਮਾਲਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਿੰਡ ਵੈਰੋ ਨੰਗਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾਂ ਗੁਰਿਆਈ ਦਿਵਸ ਸਤਾਬਦੀ ਨੂੰ ਸਮਰਪਿਤ ਮਹਾਨ ਅੰਮ੍ਰਿਤ ਸੰਚਾਰ 5 ਅਗਸਤ 2024 ਦਿਨ ਸੋਮਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਜਾਣਕਾਰੀ ਦਿੰਦਿਆਂ ਹੋਇਆ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਬਲਵੀਰ ਸਿੰਘ ਪੱਡਾ ਅਤੇ ਮੈਨੇਜਰ ਭਾਈ ਲਵਜੀਤ ਸਿੰਘ,ਅਤੇ ਪ੍ਰਚਾਰਕ ਭਾਈ ਗੁਰਭੇਜ ਸਿੰਘ , ਭਾਈ ਕੁਲਵੰਤ ਸਿੰਘ,ਭਾਈ ਯਾਦਵਿੰਦਰ ਸਿੰਘ,ਨੇ ਕਿਹਾ ਕਿ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਆਉਣਗੇ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪੰਜ ਕਕਾਰ ਭੇਟਾਂ ਰਹਿਤ ਦਿੱਤੇ ਜਾਣਗੇ। ਸ, ਸੁਰਜੀਤ ਸਿੰਘ ਤੁਗਲਵਾਲ, ਹੈਡ ਗ੍ਰੰਥੀ ਗਿਆਨੀ ਬਲਵੀਰ ਸਿੰਘ ਪੱਡਾ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪਰਿਵਾਰਾ ਸਮੇਤ ਪਾਹੁੰਚ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਗੁਰੂ ਸਾਹਿਬ ਜੀ ਦੀਆਂ ਖੁਸੀਆ ਪ੍ਰਾਪਤ ਕਰਨ ।



# ਅਸੀਂ ਸਾਂਝੀਵਾਲਤਾ ਨਾਲ ਕੰਮ ਕਰਾਂਗੇ : ਭੁੱਲਰ

ਫ਼ਿਰੋਜ਼ਪੁਰ, 4 ਅਗਸਤ (ਮਨੋਹਰਲਾਲ) :— ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਅਤੇ ਭਾਈ ਬਾਲਾ ਨਾਲ ਹੀ ਗੁਰੂ ਸਾਹਿਬ ਦੇ ਚਿੱਤਰ ਹੋਣੇ ਚਾਹੀਦੇ ਹਨ। ਇਹ ਵਿਚਾਰ ਸਾਂਝੇ ਕਰਦਿਆਂ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਮੀਤ ਪ੍ਰਧਾਨ ਸਰਬਜੀਤ ਸਿੰਘ ਛਾਬੜਾ, ਵਾਈਸ ਚੇਅਰਮੈਨ ਗੁਰਵਿੰਦਰ ਸਿੰਘ ਵਿਰਕ, ਖਜਾਨਚੀ ਡਾ: ਹਰਜੀਤ ਸਿੰਘ ਧਾਰੀਵਾਲ, ਸਕੱਤਰ ਰਣਵੀਰ ਸਿੰਘ ਰਾਣਾ ਨੇ ਦੱਸਿਆ ਕਿ ਪੁਰਾਤਨ ਕਲੰਡਰ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ, ਭਾਈ ਬਾਲਾ ਜੀ ਦੇ ਹੁੰਦੇ ਸਨ। ਉਨ੍ਹਾਂ ਕਿਹਾ ਕਿ ਹੁਣ ਦੇ ਕਲਾਕਾਰਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਿੱਤਰ ਇਕਲਿਆ ਦਾ ਬਣਾ ਦਿੱਤਾ ਗਿਆ ਹੈ। ਸ੍ਰੀ ਭੁੱਲਰ ਤੇ ਸਾਥੀਆਂ ਨੇ ਕਿਹਾ ਕਿ ਅਜਿਹਾ ਕਰਕੇ ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਦੀ ਹੋਂਦ ਨੂੰ ਪਿਛੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸਿੰਘ ਸਾਹਿਬ ਜੀ ਵੱਲੋਂ ਨਿਸ਼ਾਨ ਸਾਹਿਬ ਦੇ ਰੰਗ ਬਾਰੇ ਵਿਚਾਰ ਰੱਖੇ ਗਏ ਹਨ, ਗਰੁੱਪਬਾਜੀ ਨੂੰ ਹਾਵੀ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ 30 ਸਾਲਾਂ ਤੋਂ ਸੁਸਾਇਟੀ ਨੂੰ ਜਾਤ—ਪਾਤ ਤੋਂ ਉਪਰ ਉਠ ਕੇ ਕੰਮ ਕੀਤਾ ਹੈ, ਅਸੀਂ ਸਭ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵੰਬਰ ਵਿਚ ਭਾਈ ਮਰਦਾਨਾ ਅਕਾਲ ਚਲਾਣਾ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਗਰੁੱਪਬਾਜੀ ਨੂੰ ਪਾਸੇ ਰੱਖ ਕੇ ਸਾਂਝੀਵਾਲਤਾ ਦਾ ਕੰਮ ਕਰਾਂਗਾ, ਅਸੀਂ ਏਕਤਾ ਦੀ ਗੱਲ ਨੂੰ ਅੱਗੇ ਤੋਰਾਂਗੇ ਅਤੇ ਸੁਸਾਇਟੀ ਦੇ ਮੈਂਬਰਾਂ ਦਾ ਘੇਰਾ ਵਧਾ ਕੇ 100 ਕੀਤਾ ਜਾ ਰਿਹਾ ਹੈ।

# ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ ਮੱਸਿਆ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ



ਫ਼ਿਰੋਜ਼ਪੁਰ, 4 ਅਗਸਤ (ਮਨੋਹਰਲਾਲ) :— ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ ਮੱਸਿਆ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਡੇਰਾ ਕਾ ਸੇਵਾ ਗੁਰਦੁਆਰਾ ਜੰਡ ਸਾਹਿਬ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ, ਬਾਬਾ ਸਤਿਨਾਮ ਸਿੰਘ ਨੇ ਹੁਕਮਨਾਮੇ ਦੀ ਕਥਾ ਕਰਦਿਆਂ ਆਖਿਆ ਕਿ ਸਾਨੂੰ ਹਮੇਸ਼ਾ ਵਾਹਿਗੁਰੂ ਜੀ ਦੇ ਭਾਣੇ ਵਿਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ ਅਤੇ ਸਾਨੂੰ ਉਠਦੇ ਬੈਠਦੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ ਚਾਹੀਦਾ ਹੈ।

ਬਾਬਾ ਜੀ ਨੇ ਅੱਗੇ ਕਿਹਾ ਕਿ ਇਸ ਵੇਲੇ ਸਾਰੇ ਹਿੰਦੂਸਤਾਨ ਵਿਚ ਗਰਮੀ ਦਾ ਪ੍ਰਕੋਪ ਏਨਾ ਵੱਧ ਗਿਆ ਹੈ ਕਿ ਏਨ੍ਹੀ ਗਮੀ ਕਦੇ ਵੀ ਨਹੀਂ ਪਈ, ਜਿਸ ਦਾ ਵੱਡਾ ਕਾਰਣ ਹੈ ਕਿ ਸਾਰੇ ਹਿੰਦੂਸਤਾਨ ਵਿਚੋਂ ਬਹੁਤੇ ਦਰੱਖਤ ਧੜਾ—ਧੜ ਪੁੱਟ ਰਹੇ ਹਨ ਅਤੇ ਸਰਕਾਰ ਵੱਡੀਆਂ ਚੌੜੀਆਂ ਸੜਕਾਂ ਬਨਾਉਣ ਲਈ ਧੜਾ—ਧੜ ਦਰੱਖਤ ਪੁੱਟ ਰਹੇ ਹਨ ਅਤੇ ਪੰਜਾਬ ਵਿਚ 20 ਕਰੋੜ ਦਰੱਖਤ ਪੁੱਟੇ ਗਏ ਹਨ ਅਤੇ ਜਿਨ੍ਹਾਂ ਨੂੰ ਸਾਨੂੰ ਵੱਧ ਤੋਂ ਵੱਧ ਛਾਂਦਾਰ ਬੂਟੇ ਲਾਏ ਜਾਣ ਅਤੇ ਹਰ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਜੰਗੀ ਪੱਧਰ ਤੇ ਪਿੰਡ—ਪਿੰਡ, ਸ਼ਹਿਰ—ਸ਼ਹਿਰ ਜਿਥੇ ਵੀ ਥਾਂ ਮਿਲਦੀ ਹੈ, ਬੂਟੇ ਲਾਉਣੇ ਚਾਹੀਦੇ ਹਨ। ਬਾਬਾ ਜੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵੀ ਵੱਧ ਤੋਂ ਵੱਧ ਬੂਟੇ ਲਾਉਣੇ ਲਈ ਇਕ ਮੁਹਿੰਮ ਸ਼ੁਰੂ ਕੀਤੀ ਜਾਵੇ। ਇਸ ਮੌਕੇ ਤੇ ਹੋਮਿਓਪੈਥਿਕ ਕੈਂਪ ਵੀ ਲਗਾਇਆ ਗਿਆ, ਜਿਸ ਵਿਚ ਪ੍ਰੋਫੈਸਰ ਡਾ: ਜਗਜੀਤ ਸਿੰਘ, ਪ੍ਰੋਫੈਸਰ ਹਰਪ੍ਰੀਤ ਸਿੰਘ, ਡਾ: ਸਿਮਰਨਜੀਤ ਕੌਰ ਨੇ ਮਰੀਜਾਂ ਨੂੰ ਚੈਕਅਪ ਕਰਕੇ ਦਵਾਈਆਂ ਦਿੱਤੀਆਂ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਿੱਖ ਫੈਡਰੇਸ਼ਨ ਯੂਕੇ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ

# ਜਥੇਦਾਰ ਰਘਵੀਰ ਸਿੰਘ ਦੇ ਆਦੇਸ਼ ਦਾ ਤਿੱਖਾ ਪ੍ਰਤੀਕਰਮ




**ਨਵੀਂ ਦਿੱਲੀ, 4 ਅਗਸਤ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਫੈਡਰੇਸ਼ਨ ਯੂਕੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਘੁਵੀਰ ਸਿੰਘ ਦੇ ਨਿਸ਼ਾਨ ਸਾਹਿਬ ਦੇ ਰੰਗ ਸਬੰਧੀ ਜਾਰੀ ਕੀਤੇ ਆਦੇਸ਼ ਦਾ ਸਖਤ ਵਿਰੋਧ ਕਰਦਿਆਂ ਹੋਇਆਂ ਜੱਥੇਦਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਅਹੁਦੇ ਦਾ ਸਨਮਾਨ ਕਾਇਮ ਰੱਖਣ। ਸਿੱਖ ਕੌਮ ਇਸ ਵਕਤ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ। ਇਹ ਸਮਾਂ ਰੰਗ ਬਦਲਣ ਦਾ ਨਹੀਂ ਬਲਕਿ ਸਿੱਖਾਂ ਦੇ ਕੌਮੀ ਘਰ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਹੈ। ਜਿਸ ਬਾਰੇ ਸਿੱਖ ਕੌਮ ਪਹਿਲਾਂ ਹੀ ਫੈਸਲਾ ਕਰ ਚੁੱਕੀ ਹੈ। ਅਜਿਹਾ ਕੋਈ ਵੀ ਆਦੇਸ਼ ਜਾਰੀ ਨਾ ਕੀਤਾ ਜਾਵੇ ਜਿਸ ਨਾਲ ਸਿੱਖ ਕੌਮ ਵਿੱਚ ਦੁਬਿਧਾ ਪੈਦਾ ਹੁੰਦੀ ਹੈ। ਅਕਸਰ ਲਿਫਾਫਿਆਂ ਵਿਚੋਂ ਨਿਕਲੇ ਜਥੇਦਾਰਾਂ ਵਲੋਂ ਇਸ ਤਰ੍ਹਾਂ ਦੇ ਫੈਸਲੇ ਕੀਤੇ ਗਏ ਹਨ। ਸਿੱਖ ਕੌਮ ਦੇ ਬੱਚਿਆਂ ਨੂੰ ਉੱਚ ਪੱਧਰ ਦੀ ਪੜ੍ਹਾਈ ਦੀ ਜਰੂਰਤ ਹੈ ਕੀ ਤੁਹਾਡੇ ਇਸ ਆਦੇਸ਼ ਨਾਲ ਇਸ ਦੀ ਪੂਰਤੀ ਹੋ ਸਕਦੀ ਹੈ? ਸਿੱਖ ਕੌਮ ਨਾਲ ਜਿਸ ਬਾਦਲ ਪਰਿਵਾਰ ਹਮੇਸ਼ਾ ਧ੍ਰੋਹ ਕਮਾਇਆ ਹੈ ਉਸ ਪਰਿਵਾਰ ਦੇ ਕਟਹਿਰੇ ਵਿੱਚ ਖੜ੍ਹਨ ਦੇ ਸਮੇਂ ਇਹੋ ਜਿਹੇ ਆਦੇਸ਼ ਕਿਉਂ?

ਕੀ ਤੁਹਾਡੇ ਇਸ ਆਦੇਸ਼ ਨਾਲ ਬੰਦੀ ਸਿੰਘ ਰਿਹਾ ਹੋ ਜਾਣਗੇ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਜਾਣਗੀਆਂ,ਸਿੱਖਾਂ ਬਾਰੇ ਗ਼ਲਤ ਇਤਹਾਸ ਜੋ ਸ਼੍ਰੋਮਣੀ ਕਮੇਟੀ ਵਲੋਂ ਹੀ ਜਾਰੀ ਕੀਤੀਆਂ ਕਿਤਾਬਾਂ ਵਿੱਚ ਹੈ ਉਹ ਬੰਦ ਹੋ ਜਾਵੇਗਾ, ਤੁਸੀਂ ਇੱਕ ਬਾਦਲ ਪਰਿਵਾਰ ਨੂੰ ਬਚਾਉਣ ਦੇ ਚੱਕਰ ਵਿੱਚ ਅਪਣਾ ਹਾਲ ਗੁਰਬਚਨ ਸਿੰਘ ਵਰਗਾ ਨਾ ਕਰਵਾ ਲਿਓ ਕਿ ਗੰਨਮੈਨ ਤੋਂ ਬਿਨਾਂ ਬਾਹਰ ਨਿਕਲਣਾ ਮੁਸ਼ਿਕਲ ਹੋ ਜਾਵੇ। ਬਾਦਲ ਪਰਿਵਾਰ ਜਿਸਨੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਲਈ ਹਰ ਸੰਭਵ ਯਤਨ ਕੀਤਾ ਹੈ ਸਿੱਖ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਝੂਠੇ ਸੌਦੇ ਵਾਲੇ ਦੀ ਮੁਆਫੀ, ਸਿੱਖਾਂ ਦੇ ਕਾਤਲ ਪੁਲਸ ਅਫਸਰਾਂ ਨੂੰ ਪੁਲਸ ਮੁਖੀ ਦੇ ਅਹੁਦੇ ਦੇਣਾ ਆਮ ਜਿਹੀ ਗੱਲ ਹੈ ਜਦੋਂ ਸਿੱਖਾਂ ਦੇ ਕਾਤਲਾਂ ਨੂੰ ਸ਼ਿਹ ਦੇਣ ਵਾਲੇ ਬਾਦਲ ਪਰਿਵਾਰ ਨੂੰ ਪੰਥ ਸਜ਼ਾ ਦੇਣ ਜਾ ਰਿਹਾ ਹੈ ਉਸ ਵਕਤ ਤੁਸੀਂ ਸੰਗਤ ਦਾ ਧਿਆਨ ਹੋਰ ਪਾਸੇ ਲਿਜਾਣਾ ਚਾਹੁੰਦੇ ਹੋ ਤਾਂ ਹੀ ਇਹ ਹਾਸੋਹੀਣੇ ਆਦੇਸ਼ ਜਾਰੀ ਕਰ ਰਹੇ ਹੋ। ਅਸੀਂ ਬਾਬਾ ਖੜਕ ਸਿੰਘ ਤੋਂ ਕੇਸਰੀ ਨਿਸ਼ਾਨ ਸਾਹਿਬ ਬਾਰੇ ਸੁਣਿਆ ਹੋਇਆ ਹੈ ਅਤੇ ਪੰਥ ਲਈ ਕੁਰਬਾਨੀਆਂ ਕਰਨ ਵਾਲੇ ਮਹਾਂਪੁਰਸ਼ਾਂ ਕੋਲੋਂ ਵੀ ਸੁਣਿਆ ਹੋਇਆ ਹੈ ਕੇਸਰੀ ਨਿਸ਼ਾਨ ਸਾਹਿਬ ਨਾਲ ਕੋਈ ਮਸਲਾ ਨਹੀਂ ਹੈ। ਸਿੱਖਾਂ ਵਿੱਚ ਹਮੇਸ਼ਾਂ ਜਦੋਂ ਕੌਮੀ ਸੇਵਾ ਕਰਨ ਲਈ ਕੁਰਬਾਨੀਆਂ ਦੀ ਗੱਲ ਆਈ ਕੇਸਰੀ ਰੰਗ ਦਾ ਜ਼ਿਕਰ ਆਇਆ ਹੈ। 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਵੀ ਕੇਸਰੀ ਰੰਗ ਦਾ ਜ਼ਿਕਰ ਕੀਤਾ ਹੈ ਕਿਉਂਕਿ ਇਹ ਰੰਗ ਸਿੱਖਾਂ ਦੀਆ ਕੁਰਬਾਨੀਆਂ ਦਾ ਪ੍ਰਤੀਕ ਹੈ। ਹਾਲੇ ਵਿਸਾਖੀ ਤੇ ਤੁਸੀਂ ਸਾਰੇ ਸਿੱਖਾਂ ਨੂੰ ਘਰਾਂ ਉਪਰ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦਾ ਆਦੇਸ਼ ਦਿੱਤਾ ਸੀ ਇਨੀਂ ਜਲਦੀ ਭੁੱਲ ਗਏ। ਤੁਸੀਂ ਭਗਵੰਤ ਮਾਨ ਦੇ ਬਸੰਤੀ ਰੰਗ ਵਿੱਚ ਕੌਮ ਨੂੰ ਰੰਗ ਕੇ ਰਾਸ਼ਟਰੀ ਸੋਚ ਵਿੱਚ ਸਿੱਖ ਕੌਮ ਨੂੰ ਰੰਗਣ ਦਾ ਕੋਝਾ ਯਤਨ ਬੰਦ ਕਰੋ। ਬਹੁਤ ਸਾਰੇ ਸਿੱਖ ਕੌਮ ਦੇ ਜ਼ਰੂਰੀ ਮਸਲੇ ਹਨ ਉਨ੍ਹਾਂ ਵਲ ਧਿਆਨ ਦਿਓ।

### ਇੰਟਰਨੈਸ਼ਨਲ ਪੰਥਕ ਦਲ ਮਾਝਾ ਜੋਨ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ 6 ਅਗਸਤ ਨੂੰ

# ਧੰਨ ਗੁਰੂ ਰਾਮਦਾਸ ਲੰਗਰ ਸੇਵਾ ਵਾਸਤੇ 125 ਸਿੰਘ ਰਵਾਨਾ ਹੋਣਗੇ



**ਚੌਂਕ ਮਹਿਤਾ, 4 ਅਗਸਤ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**-20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ,ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਹਰ ਮਹੀਨਾ ਵਰੀ ਮੀਟਿੰਗ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਜਾਂਦੀ ਹੈ ਅਤੇ ਧੰਨ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰਾਂ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾ ਵੱਲੋਂ ਸੇਵਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ ਵਾਲਿਆਂ ਦੀ ਅਗਵਾਈ ਵਿੱਚ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ ਗਈ। ਇੰਟਰਨੈਸ਼ਨਲ ਪੰਥਕ ਦਲ ਮਾਝਾ ਜੂਨ ਤੋਂ 6 ਅਗਸਤ ਮੰਗਲਵਾਰ ਨੂੰ 125 ਸਿੰਘਾਂ ਦਾ ਕਾਫਲਾ ਧੰਨ ਗੁਰੂ ਰਾਮਦਾਸ ਲੰਗਰ ਸੇਵਾ ਵਾਸਤੇ ਰਵਾਨਾ ਹੋਵੇਗਾ। ਇਸ ਮੌਕੇ ਗਿਆਨੀ ਧਰਮ ਸਿੰਘ ਜੀ ਮਰਗਿੰਦਪੁਰਾ, ਬਾਬਾ ਗੁਰਵਿੰਦਰ ਸਿੰਘ ਜੀ ਵਰਨਾਲਾ ,ਬਾਬਾ ਅੰਮ੍ਰਿਤਪਾਲ ਸਿੰਘ ਜੀ ਭੈਣੀ ਮੱਸਾ ਸਿੰਘ, ਭਾਈ ਬਲਜਿੰਦਰ ਸਿੰਘ ਕਲਸੀਆਂ ,ਬਾਬਾ ਅਕਾਸ਼ਦੀਪ ਸਿੰਘ ਚੂੰਘ, ਅਤੇ ਹੋਰ ਪਤਵੰਤੇ ਹਾਜਰ ਸਨ।

# ਲੜਾਈ ਝਗੜੇ ਦੌਰਾਨ ਜ਼ਖ਼ਮੀ ਹੋਏ ਪੰਜ ਭੈਣਾਂ ਦਾ ਇਕਲੌਤੇ ਭਰਾ ਮੌਤ ਅਤੇ ਜ਼ਿੰਦਗੀ ਦੀ ਲੜਾਈ ਦੌਰਾਨ ਹਾਰਿਆ ਹੋਈ ਮੌਤ, ਪੁਲਿਸ ਵੱਲੋਂ 12 ਲੋਕਾਂ ਦੇ ਖਿਲਾਫ ਕੀਤਾ ਮਾਮਲਾ ਦਰਜ



**ਦੀਨਾਨਗਰ, 4 ਅਗਸਤ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਸਰਹੱਦੀ ਕਸਬਾ ਬਹਿਰਾਮਪੁਰ ਵਿਖੇ ਬੀਤੇ ਦਿਨੀ ਆਪਣੀ ਭੂਆ ਨੂੰ ਮਿਲਣ ਵਾਸਤੇ ਆਏ ਹੋਏ ਨੌਜਵਾਨ ਦੀ ਮਾਮੂਲੀ ਗੱਲ ਨੂੰ ਲੈ ਕੇ ਹੋਏ ਲੜਾਈ ਝਗੜੇ ਦੌਰਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ ਜਿਸ ਨੂੰ ਗੁਰਦਾਸਪੁਰ ਹਸਪਤਾਲ ਵਿਖੇ ਇਲਾਜ ਲਈ ਭਰਤੀ ਕਰਵਾਇਆ ਗਿਆ ਸੀ ਜੋ ਉਥੇ ਮੌਤ ਅਤੇ ਜ਼ਿੰਦਗੀ ਦੀ ਜੰਗ ਲੜ ਰਿਹਾ ਸੀ ਅਖੀਰ ਅੱਜ ਉਸ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਸਟੇਸ਼ਨ ਬਹਿਰਾਮਪੁਰ ਦੇ ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆਂ ਕਿ 24-07-24 ਜਸਪਾਲ ਕੁਮਾਰ ਪੁੱਤਰ ਮਦਨ ਲਾਲ ਵਾਸੀ ਉੜਮੁੜ ਟਾਂਡਾ ਜਿਲਾ ਹੁਸ਼ਿਆਰਪੁਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਮੇਰਾ ਲੜਕਾ ਜੌਨ ਮਾਹਲਾ(19) ਬਹਿਰਾਮਪੁਰ ਵਿਖੇ ਆਪਣੀ ਭੂਆ ਨੂੰ ਮਿਲਣ ਲਈ ਆਇਆ ਹੋਇਆ ਸੀ ਜੋ ਆਪਣੀ ਭੂਆ ਰਾਜੇਸ਼ ਕੁਮਾਰੀ ਨਾਲ ਬਹਿਰਾਮਪੁਰ ਬਜ਼ਾਰ ਗਿਆ ਤਾਂ ਜਦ ਉਹ ਪੰਜਾਬ ਨੈਸ਼ਨਲ ਬੈਂਕ ਬਹਿਰਾਮਪੁਰ ਨੇੜੇ ਪੁੱਜੇ ਤਾਂ ਆਰੋਪੀਆ ਨੇ ਉਨਾਂ ਨੂੰ ਪੁੱਛਿਆ ਕਿ ਸੌਰਵ ਕਿਥੇ ਹੈ ਅਤੇ ਉਨ੍ਹਾਂ ਨਾਲ ਗਾਲੀ ਗਲੋਚ ਕਰਨ ਲੱਗ ਪਏ ਅਤੇ ਗੱਲ ਇੰਨੀ ਵੱਧ ਗਈ ਕਿ ਦਸਤੀ ਹਥਿਆਰ ਤੇ ਦਾਤਰਾਂ ਨਾਲ ਸੱਟਾਂ ਮਾਰ ਕੇ ਮੇਰੇ ਲੜਕੇ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ ਗਿਆ ਜਦ ਇਹ ਝਗੜਾ ਹੁੰਦਾ ਵੇਖ ਕਾਫੀ ਲੋਕ ਇੱਕਠੇ ਹੋ ਗਏ ਤਾਂ ਉਨ੍ਹਾਂ ਲੋਕਾਂ ਨੂੰ ਇੱਕਠੇ ਹੁੰਦੇ ਵੇਖ ਕੇ ਉੱਕਤ ਆਰੋਪੀ ਘਟਨਾ ਸਥਾਨ ਤੋਂ ਫ਼ਰਾਰ ਹੋ।

ਦੂਜੇ ਪਾਸੇ ਪਰਿਵਾਰਕ ਮੈਂਬਰਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਸੀਂ ਤੁਰੰਤ ਜਖਮੀ ਹੋਏ ਨੂੰ ਸਰਕਾਰੀ ਹਸਪਤਾਲ ਗੁਰਦਾਸਪੁਰ ਵਿਖੇ ਇਲਾਜ ਲਈ ਭਰਤੀ ਕਰਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਜਿਆਦਾ ਗੰਭੀਰ ਹੋਣ ਕਰਕੇ ਰੈਫਰ ਕਰ ਦਿੱਤਾ ਗਿਆ ਅਤੇ ਅਸੀਂ ਤੁਰੰਤ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਲਿਜਾਇਆ ਗਿਆ ਜਿੱਥੇ ਅੱਜ ਮੌਤ ਜ਼ਿੰਦਗੀ ਦੀ ਲੜਾਈ ਲਾ ਦੇ ਨੌਜਵਾਨ ਅਖੀਰ ਹਾਰ ਗਿਆ ਅਤੇ ਜਿੱਥੇ ਉਸ ਦੀਆਂ ਮੌਤ ਹੋ ਗਈ ਉਧਰ ਪੁਲਿਸ ਵੱਲੋਂ ਜਾਂਚ ਪੜਤਾਲ ਕਰਨ ਉਪਰੰਤ ਮੁਦਾਈ ਦੇ ਬਿਆਨਾਂ ਦੇ ਆਧਾਰ ਤੇ ਹਰਮੇਸ਼ ਕੁਮਾਰ ਉਰਫ ਮੇਸੀ ਵਾਸੀ ਨਵਾਂ ਟਾਂਡਾ, ਇਸ਼ੂ, ਰਜਤ ਵਾਸੀ ਬਹਿਰਾਮਪੁਰ, ਦਰਸ਼ਨ, ਬੋਬੀ, ਅਸ਼ੋਕ, ਰਮਨ, ਲਵਪ੍ਰੀਤ,ਰਿੰਕਾ ਵਾਸੀ ਝਬਕਰਾ, ਦੀਪਾ ਵਾਸੀ ਬਹਿਰਾਮਪੁਰ ਅਤੇ ਸੰਜੂ, ਬੱਗਾ ਦੋਨੋਂ ਵਾਸੀ ਤੂਰ ਸਮੇਤ ਕੁੱਲ 12 ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਸ਼ਰੀਕੇ ਵਿਚੋਂ ਆਪਣੀਆਂ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ ਪਰਿਵਾਰਿਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੋ ਰਿਹਾ ਹੈ। ਬਾਕੀ ਅਜੇ ਸਾਰੇ ਆਰੋਪੀ ਪੁਲਿਸ ਦੀ ਗ੍ਰਿਫਤ ਵਿਚੋਂ ਬਾਹਰ ਹਨ ਥਾਣਾ ਮੁਖੀ ਸਰਬਜੀਤ ਸਿੰਘ ਨੇ ਦੱਸਿਆ ਕਿ ਆਰੋਪੀਆਂ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਜਿਨਾਂ ਨੂੰ ਜਲਦ ਗ੍ਰਿਫਤਾਰੀ ਕਰ ਲਿਆ ਜਾਵੇਗਾ।

# ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਭਰੋਲੀ ਨਜ਼ਦੀਕ ਕੀਤਾ ਗੁਰੂ ਨਾਨਕ ਬਗੀਚੀ ਦਾ ਕੀਤਾ ਉਦਘਾਟਨ

**ਪਠਾਨਕੋਟ, 4 ਅਗਸਤ ( ਆਵਾਜ਼ਿ ਕੌਮ ਬਿਊਰੋ)**-ਸਾਡੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਵਾਤਾਵਰਣ ਸੁਰੱਖਿਆ ਨੂੰ ਲੈ ਕੇ ਸਮੇਂ ਸਮੇਂ ਤੇ ਅਪੀਲ ਵੀ ਕਰਦੇ ਹਨ ਕਿ ਜਿਆਦਾ ਤੋਂ ਜਿਆਦਾ ਬੂਟੇ ਲਗਾਏ ਜਾਣ, ਇਸ ਅਧੀਨ ਚਲਦੇ ਸਾਲ ਦੇ ਦੋਰਾਨ ਵਣ ਵਿਭਾਗ ਵੱਲੋਂ ਕਰੀਬ 3 ਕਰੋੜ ਬੂੱਟੇ ਲਗਾਉਂਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ ਅਤੇ ਹੁਣ ਤੱਕ 80 ਪ੍ਰਤੀਸਤ ਟੀਚਾ ਪੂਰਾ ਕੀਤਾ ਜਾ ਚੁੱਕਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਭਰੋਲੀ ਵਿਖੇ ਗੁਰੂ ਨਾਨਕ ਬਗੀਚੀ ਦਾ ਉਦਘਾਟਣ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੰਜੀਵ ਤਿਵਾੜੀ, ਕੰਜ਼ਰਵੇਟਰ ਆਫ ਫਾਰੈਸਟ, ਉੱਤਰੀ ਸਰਕਲ , ਧਰਮਵੀਰ ਦੈਰੂ, ਡਵੀਜ਼ਨਲ ਜੰਗਲਾਤ ਅਫ਼ਸਰ, ਪਠਾਨਕੋਟ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਠਾਕੁਰ ਭੁਪਿੰਦਰ ਸਿੰਘ, ਜੰਗ ਬਹਾਦੁਰ ਵਣ ਰੇਂਜ ਅਫਸਰ ਧਾਰ, ਅਜੈ ਪਠਾਨਿਆ ਬਲਾਕ ਅਫਸਰ, ਵਰਿੰਦਰ ਜੀਤ ਸਿੰਘ ਰੇਜ ਅਫਸਰ , ਸਮਸੇਰ ਸਿੰਘ ਬਲਾਕ ਅਫਸਰ, ਮੁਨੀਸ ਕੁਮਾਰ ਵਣ ਗਾਰਡ , ਤਰਸੇਮ ਸਿੰਘ ਵਣ ਗਾਰਡ, ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੇ ਲਈ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਇੱਕ ਮੂਹਿਮ ਚਲਾਈ ਗਈ ਸੀ ਕਿ ਇਸ ਸਾਲ ਕਰੀਬ 3 ਕਰੋੜ ਬੂਟੇ ਲਗਾਏ ਜਾਣੇ ਹਨ ਅਤੇ ਇਸ ਅਧੀਨ ਅਜਿਹੀਆਂ ਬਗੀਚੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮਦਿਨ ਨੂੰ ਸਮਰਪਿਤ ਗੁਰੂ ਨਾਨਕ ਬਗੀਚੀਆਂ ਜਿਸ ਵਿੱਚ ਕਰੀਬ 550 ਬੂਟੇ ਵੱਖ ਵੱਖ ਕਿਸਮਾਂ ਦੇ ਲਗਾਏ ਜਾਂਦੇ ਹਨ, ਅਤੇ ਹੁਣ ਤੱਕ ਪੂਰੇ ਪੰਜਾਬ ਅੰਦਰ ਹਜਾਰਾਂ ਗੁਰੂ ਨਾਨਕ ਬਗੀਚੀਆਂ ਲਗਾਈਆਂ ਗਈਆਂ ਹਨ।


## ਜਨਮ ਦਿਨ ਮੁਬਾਰਕ





**ਅਵਤੇਸ਼ ਸਿੰਘ ਬੱਲ**
ਪਿਤਾ : ਬਿਕਰਮਜੀਤ ਸਿੰਘ ਬੱਲ
ਮਾਤਾ : ਰਾਜਵਿੰਦਰ ਕੌਰ ਬੱਲ
ਪਿੰਡ ਸਿਆਲਾਂ, ਜ਼ਿਲ੍ਹਾ ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM International Newspaper & WEB TV